4. ਉਹ ਉੱਚ ਸਦਨ ਦੇ ਡਿਪਟੀ ਚੇਅਰਪਰਸਨ ਨੂੰ ਆਪਣੀ ਗੈਰਹਾਜ਼ਰੀ ਵਿੱਚ ਕੰਮ ਕਰਨ ਲਈ ਨਿਯੁਕਤ ਕਰਦਾ ਹੈ।
5. ਬਰਾਬਰੀ ਦੀ ਸਥਿਤੀ ਵਿੱਚ ਉਸਦੇ ਕੋਲ ਨਿਰਣਾਇਕ ਵੋਟ ਹੁੰਦੀ ਹੈ।

ਉਪਰੋਕਤ ਵਿੱਚੋਂ ਕਿਹੜੇ ਕਥਨ ਸਹੀ ਹਨ ?

(a) ਸਿਰਫ਼ 1, 3 ਅਤੇ 5 (b) ਸਿਰਫ਼ 1 ਅਤੇ 5
(c) ਸਿਰਫ਼ 2, 3 ਅਤੇ 4 (d) ਸਿਰਫ਼ 1, 2, 3 ਅਤੇ 4

**4.** In reference to Fundamental Right under Article 20, consider the following statements :

1. Protection under this right is available only to the citizens of India.
2. While criminal laws can be imposed retrospectively, civil laws cannot.
3. The protection against self-incrimination extends to both civil and criminal proceedings.

How many of the above statements is/are ***incorrect*** ?

(a) Only one
(b) Only two
(c) All three
(d) None of the above

**5.** In connection with the Preamble to the Indian Constitution, which of the following statements is correct ?

(a) The Preamble is justiciable.
(b) The Preamble has been amended only twice so far.
(c) The Preamble is not a part of the Constitution, as held by the Supreme Court.
(d) The Preamble embodies the objective of economic justice but not of economic liberty.

**6.** In connection with the $73^{rd}$ Amendment Act of 1992, consider the following statements :

1. The act provides for a three-tier system of Panchayati raj, however, a state having a population not exceeding 20 lakhs may not constitute panchayats at the intermediate level.
2. All members of panchayats, including the chairpersons of panchayats at the intermediate and district levels, shall be elected directly by the people.
3. A panchayat constituted upon the dissolution of a panchayat before the expiration of its duration shall continue for a full five-year term of office.

Which of the statement/statements given above is/are correct ?

(a) 1 only
(b) 2 only
(c) 1 and 2 only
(d) 1, 2 and 3

**7.** Consider the following statements regarding G20 :

1. The G20 was founded in 2008 after the global economic and financial crisis of 2007.
2. The G20 does not have a permanent secretariat or staff.
3. India has hosted the G20 summit twice.

Which of the above statements is/are correct ?

(a) 1 and 3 only
(b) 2 and 3 only
(c) 2 only
(d) 1, 2 and 3

4. ਧਾਰਾ 20 ਤਹਿਤ ਮੌਲਿਕ ਅਧਿਕਾਰ ਦੇ ਸੰਦਰਭ ਵਿੱਚ, ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਇਸ ਅਧਿਕਾਰ ਤਹਿਤ ਸੁਰੱਖਿਆ ਸਿਰਫ਼ ਭਾਰਤ ਦੇ ਨਾਗਰਿਕਾਂ ਨੂੰ ਉਪਲਬਧ ਹੈ।
2. ਜਦੋਂ ਕਿ ਅਪਰਾਧਿਕ ਕਾਨੂੰਨਾਂ ਨੂੰ ਪਿਛਾਖੜੀ ਤੌਰ 'ਤੇ ਲਾਗੂ ਕੀਤਾ ਜਾ ਸਕਦਾ ਹੈ, ਪਰ ਸਿਵਲ ਕਾਨੂੰਨਾਂ ਨੂੰ ਨਹੀਂ।
3. ਸਵੈ-ਦੋਸ਼ ਵਿਰੁੱਧ ਸੁਰੱਖਿਆ, ਸਿਵਲ ਅਤੇ ਫੌਜਦਾਰੀ, ਦੋਵਾਂ ਤਰ੍ਹਾਂ ਦੀਆਂ ਕਾਰਵਾਈਆਂ ਲਈ ਹੈ।

ਉਪਰੋਕਤ ਕਥਨਾਂ ਵਿੱਚੋਂ ਕਿੰਨੇ ***ਗਲਤ*** ਹੈ/ਹਨ ?

(a) ਸਿਰਫ਼ ਇੱਕ
(b) ਸਿਰਫ਼ ਦੋ
(c) ਸਾਰੇ ਤਿੰਨ
(d) ਉਪਰੋਕਤ ਵਿੱਚੋਂ ਕੋਈ ਨਹੀਂ

5. ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਦੇ ਸੰਬੰਧ ਵਿੱਚ, ਹੇਠ ਲਿਖੇ ਕਥਨਾਂ ਵਿੱਚੋਂ ਕਿਹੜਾ ਸਹੀ ਹੈ ?

(a) ਪ੍ਰਸਤਾਵਨਾ ਨਿਆਂਯੋਗ ਹੈ।
(b) ਪ੍ਰਸਤਾਵਨਾ ਵਿੱਚ ਹੁਣ ਤੱਕ ਸਿਰਫ਼ ਦੋ ਵਾਰ ਸੋਧ ਕੀਤੀ ਗਈ ਹੈ।
(c) ਸੁਪਰੀਮ ਕੋਰਟ ਅਨੁਸਾਰ ਪ੍ਰਸਤਾਵਨਾ ਸੰਵਿਧਾਨ ਦਾ ਹਿੱਸਾ ਨਹੀਂ ਹੈ।
(d) ਪ੍ਰਸਤਾਵਨਾ ਆਰਥਿਕ ਨਿਆਂ ਦੇ ਉਦੇਸ਼ ਨੂੰ ਦਰਸਾਉਂਦੀ ਹੈ ਪਰ ਆਰਥਿਕ ਆਜ਼ਾਦੀ ਨੂੰ ਨਹੀਂ।

6. 1992 ਦੇ 73ਵੇਂ ਸੋਧ ਐਕਟ ਦੇ ਸੰਬੰਧ ਵਿੱਚ, ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਇਹ ਐਕਟ ਪੰਚਾਇਤੀ ਰਾਜ ਦੀ ਤਿੰਨ-ਪੱਧਰੀ ਪ੍ਰਣਾਲੀ ਦੀ ਵਿਵਸਥਾ ਕਰਦਾ ਹੈ, ਹਾਲਾਂਕਿ, 20 ਲੱਖ ਤੋਂ ਵੱਧ ਅਬਾਦੀ ਵਾਲਾ ਰਾਜ ਵਿਚਕਾਰਲੇ ਪੱਧਰ 'ਤੇ ਪੰਚਾਇਤਾਂ ਦਾ ਗਠਨ ਕਰਨ ਦਾ ਪਾਬੰਦ ਨਹੀਂ ਹੈ।
2. ਪੰਚਾਇਤਾਂ ਦੇ ਸਾਰੇ ਮੈਂਬਰ, ਵਿਚਕਾਰਲੇ ਅਤੇ ਜ਼ਿਲ੍ਹਾ ਪੱਧਰ 'ਤੇ, ਪੰਚਾਇਤਾਂ ਦੇ ਚੇਅਰਪਰਸਨ ਸਮੇਤ, ਲੋਕਾਂ ਦੁਆਰਾ ਸਿੱਧੇ ਤੌਰ 'ਤੇ ਚੁਣੇ ਜਾਣਗੇ।
3. ਇੱਕ ਪੰਚਾਇਤ ਨੂੰ ਉਸਦੀ ਮਿਆਦ ਖਤਮ ਹੋਣ ਤੋਂ ਪਹਿਲਾਂ ਭੰਗ ਕਰਨ 'ਤੇ ਗਠਿਤ ਕੀਤੀ ਗਈ ਪੰਚਾਇਤ ਪੂਰੇ ਪੰਜ ਸਾਲਾਂ ਦੇ ਕਾਰਜਕਾਲ ਲਈ ਜਾਰੀ ਰਹੇਗੀ।

ਉਪਰੋਕਤ ਵਿੱਚੋਂ ਕਿਹੜਾ/ਕਿਹੜੇ ਕਥਨ ਸਹੀ ਹੈ/ਹਨ ?

(a) ਸਿਰਫ਼ 1
(b) ਸਿਰਫ਼ 2
(c) ਸਿਰਫ਼ 1 ਅਤੇ 2
(d) 1, 2 ਅਤੇ 3

7. G20 ਸੰਬੰਧੀ ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. G20 ਦੀ ਸਥਾਪਨਾ 2007 ਦੇ ਆਲਮੀ ਆਰਥਿਕ ਅਤੇ ਵਿੱਤੀ ਸੰਕਟ ਤੋਂ ਬਾਅਦ 2008 ਵਿੱਚ ਕੀਤੀ ਗਈ ਸੀ।
2. G20 ਕੋਲ ਕੋਈ ਸਥਾਈ ਸਕੱਤਰੇਤ ਜਾਂ ਸਟਾਫ ਨਹੀਂ ਹੈ।
3. ਭਾਰਤ ਨੇ ਦੋ ਵਾਰ G20 ਸੰਮੇਲਨ ਦੀ ਮੇਜ਼ਬਾਨੀ ਕੀਤੀ ਹੈ।

ਉਪਰੋਕਤ ਵਿੱਚੋਂ ਕਿਹੜਾ/ਕਿਹੜੇ ਕਥਨ ਸਹੀ ਹੈ/ਹਨ ?

(a) ਸਿਰਫ਼ 1 ਅਤੇ 3
(b) ਸਿਰਫ਼ 2 ਅਤੇ 3
(c) ਸਿਰਫ਼ 2
(d) ਸਿਰਫ਼ 1, 2 ਅਤੇ 3

**8.** Match List-I with List-II and select the correct answer from the codes given below :

| *List-I* | | *List-II* | |
|---|---|---|---|
| A. | $102^{nd}$ Amendment Act, 2019 | 1. | A maximum of 10% reservation for Economically Weaker Sections (EWS) |
| B. | $103^{rd}$ Amendment Act, 2019 | 2. | Restored the power of the State Governments to identify Other Backward Classes (OBCs) that are socially and educationally backward |
| C. | $104^{th}$ Amendment Act, 2020 | 3. | Constitutional status to National Commission for backward classes |
| D. | $105^{th}$ Amendment Act, 2021 | 4. | Extended the reservation of seats for Scheduled Castes and Scheduled Tribes in the Lok Sabha and State Assemblies for another 10 years up to 2030 |

Choose the correct code :

| | A | B | C | D |
|---|---|---|---|---|
| (a) | 3 | 1 | 2 | 4 |
| (b) | 3 | 1 | 4 | 2 |
| (c) | 1 | 3 | 4 | 2 |
| (d) | 1 | 3 | 2 | 4 |

**9.** Consider the following statements regarding the writ jurisdiction of the Courts :

**Statement I :** The writ jurisdiction of the Supreme Court is narrower than that of the High Court.

**Statement II :** The Supreme Court can issue writs only for the enforcement of the Fundamental Rights.

Which one of the following is correct in respect of the above statements ?

(a) Both Statement I and Statement II are correct and Statement II is the correct explanation for Statement I.

(b) Both Statement I and Statement II are correct, but Statement II is not the correct explanation for Statement I.

(c) Statement I is correct, but Statement II is incorrect.

(d) Statement I is incorrect, but Statement II is correct.

**10.** Consider the following statements with reference to the constitutional/statutory provisions on the citizenship of India :

1. Part II of the Indian Constitution deals with citizenship.
2. The Constitution provides for only a single citizenship with exceptions to certain bordering states.
3. The latest amendment to The Citizenship Act, 1955 has relaxed the qualifications for naturalisation for the persons belonging to the religious minorities of all the countries bordering India.

Which of the above statements is/are correct ?

(a) 1 only (b) 1 and 2 only (c) 3 only (d) 1 and 3 only

8. ਸੂਚੀ-I ਨੂੰ ਸੂਚੀ-II ਨਾਲ ਮਿਲਾਓ ਅਤੇ ਹੇਠਾਂ ਦਿੱਤੇ ਵਿਕਲਪਾਂ ਵਿੱਚੋਂ ਸਹੀ ਉੱਤਰ ਚੁਣੋ :

| | *ਸੂਚੀ-I* | | *ਸੂਚੀ-II* |
|---|---|---|---|
| A. | 102ਵਾਂ ਸੋਧ ਐਕਟ, 2019 | 1. | ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ (EWS) ਲਈ ਵੱਧ ਤੋਂ ਵੱਧ 10% ਰਾਖਵਾਂਕਰਨ |
| B. | 103ਵਾਂ ਸੋਧ ਐਕਟ, 2019 | 2. | ਹੋਰ ਪਛੜੇ ਵਰਗਾਂ (OBCs) ਜਿਹੜੇ ਸਮਾਜਿਕ ਅਤੇ ਵਿਦਿਅਕ ਤੌਰ 'ਤੇ ਪਛੜੇ ਹਨ, ਦੀ ਪਛਾਣ ਕਰਨ ਲਈ ਰਾਜ ਸਰਕਾਰਾਂ ਦੀ ਸ਼ਕਤੀ ਨੂੰ ਬਹਾਲ ਕੀਤਾ |
| C. | 104ਵਾਂ ਸੋਧ ਐਕਟ, 2020 | 3. | ਪਛੜੇ ਵਰਗਾਂ ਲਈ ਰਾਸ਼ਟਰੀ ਕਮਿਸ਼ਨ (NCBC) ਨੂੰ ਸੰਵਿਧਾਨਕ ਦਰਜਾ |
| D. | 105ਵਾਂ ਸੋਧ ਐਕਟ, 2021 | 4. | ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਲਈ ਸੀਟਾਂ ਦੇ ਰਾਖਵੇਂਕਰਨ ਨੂੰ 2030 ਤੱਕ ਹੋਰ 10 ਸਾਲਾਂ ਲਈ ਵਧਾਇਆ ਗਿਆ |

ਸਹੀ ਕੋਡ ਚੁਣੋ :

| | A | B | C | D |
|---|---|---|---|---|
| (a) | 3 | 1 | 2 | 4 |
| (b) | 3 | 1 | 4 | 2 |
| (c) | 1 | 3 | 4 | 2 |
| (d) | 1 | 3 | 2 | 4 |

9. ਅਦਾਲਤਾਂ ਦੇ ਰਿੱਟ ਅਧਿਕਾਰ ਖੇਤਰ ਸੰਬੰਧੀ ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

**ਕਥਨ I :** ਸੁਪਰੀਮ ਕੋਰਟ ਦਾ ਰਿੱਟ ਅਧਿਕਾਰ ਖੇਤਰ ਹਾਈ ਕੋਰਟ ਨਾਲੋਂ ਛੋਟਾ ਹੈ।

**ਕਥਨ II :** ਸੁਪਰੀਮ ਕੋਰਟ ਸਿਰਫ਼ ਮੌਲਿਕ ਅਧਿਕਾਰਾਂ ਨੂੰ ਲਾਗੂ ਕਰਨ ਲਈ ਰਿੱਟ ਜਾਰੀ ਕਰ ਸਕਦੀ ਹੈ।

ਉਪਰੋਕਤ ਕਥਨਾਂ ਦੇ ਸੰਬੰਧ ਵਿੱਚ ਹੇਠ ਲਿਖਿਆਂ ਵਿੱਚੋਂ ਕਿਹੜਾ ਵਿਕਲਪ ਸਹੀ ਹੈ ?

(a) ਕਥਨ I ਅਤੇ ਕਥਨ II ਦੋਵੇਂ ਸਹੀ ਹਨ ਅਤੇ ਕਥਨ II ਕਥਨ I ਲਈ ਸਹੀ ਵਿਆਖਿਆ ਹੈ।

(b) ਕਥਨ I ਅਤੇ ਕਥਨ II ਦੋਵੇਂ ਸਹੀ ਹਨ, ਪਰ ਕਥਨ II ਕਥਨ I ਲਈ ਸਹੀ ਵਿਆਖਿਆ ਨਹੀਂ ਹੈ।

(c) ਕਥਨ I ਸਹੀ ਹੈ, ਪਰ ਕਥਨ II ਗ਼ਲਤ ਹੈ।

(d) ਕਥਨ I ਗ਼ਲਤ ਹੈ, ਪਰ ਕਥਨ II ਸਹੀ ਹੈ।

10. ਭਾਰਤ ਦੀ ਨਾਗਰਿਕਤਾ ਬਾਰੇ ਸੰਵਿਧਾਨਕ/ਕਾਨੂੰਨੀ ਉਪਬੰਧਾਂ ਦੇ ਹਵਾਲੇ ਨਾਲ ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਭਾਰਤੀ ਸੰਵਿਧਾਨ ਦਾ ਭਾਗ II ਨਾਗਰਿਕਤਾ ਨਾਲ ਸੰਬੰਧਿਤ ਹੈ।
2. ਕੁਝ ਸਰਹੱਦੀ ਰਾਜਾਂ ਨੂੰ ਛੱਡ ਕੇ ਸੰਵਿਧਾਨ ਸਿਰਫ਼ ਇੱਕ ਹੀ ਨਾਗਰਿਕਤਾ ਪ੍ਰਦਾਨ ਕਰਦਾ ਹੈ।
3. ਨਾਗਰਿਕਤਾ ਐਕਟ, 1955 ਵਿੱਚ ਤਾਜ਼ਾ ਸੋਧ ਨੇ ਭਾਰਤ ਦੀ ਸਰਹੱਦ ਨਾਲ ਲੱਗਦੇ ਸਾਰੇ ਦੇਸ਼ਾਂ ਦੇ ਧਾਰਮਿਕ ਘੱਟ ਗਿਣਤੀਆਂ ਨਾਲ ਸਬੰਧਤ ਵਿਅਕਤੀਆਂ ਲਈ ਦੇਸੀਕਰਨ (naturalization) ਲਈ ਯੋਗਤਾਵਾਂ ਵਿੱਚ ਢਿੱਲ ਦਿੱਤੀ ਹੈ।

ਉਪਰੋਕਤ ਵਿੱਚੋਂ ਕਿਹੜਾ/ਕਿਹੜੇ ਕਥਨ ਸਹੀ ਹੈ/ਹਨ ?

(a) ਸਿਰਫ਼ 1 (b) ਸਿਰਫ਼ 1 ਅਤੇ 2 (c) ਸਿਰਫ਼ 3 (d) ਸਿਰਫ਼ 1 ਅਤੇ 3

**11.** Consider the following statements :

1. The constitution does not specify the strength of a High Court.
2. The constitution leaves it to the discretion of the respective state legislatures to specify the strength of a High Court.
3. The judges of a High Court are appointed by the President.

Which of the statements given above is/are ***incorrect*** ?

(a) 1 only (b) 2 only (c) 1 and 2 only (d) 3 only

**12.** "The Naked Triangle" is an Autobiography of :

(a) Balraj Sahni (b) Balwant Gargi
(c) Jaswant Singh Kanwal (d) Kartar Singh Duggal

**13.** Match the following :

| | *List-I* | | *List-II* |
|---|---|---|---|
| A. | Sunehade | 1. | Bulleh Shah |
| B. | Dil Tarang | 2. | Shiv Kumar Batalvi |
| C. | Loona | 3. | Bhai Vir Singh |
| D. | Kafian | 4. | Amrita Pritam |

Choose the correct code :

| | A | B | C | D |
|---|---|---|---|---|
| (a) | 4 | 1 | 2 | 3 |
| (b) | 2 | 3 | 4 | 1 |
| (c) | 4 | 3 | 2 | 1 |
| (d) | 2 | 4 | 1 | 3 |

**14.** In which magazine did the Noble Peace Prize awardee Rabindranath Tagore write several stories and poems on the lives of Sikh Gurus ?

(a) Gitanjali (b) Jibansmriti (c) Balak (d) Sadhana

**15.** Consider the following statements :

1. U.N. Mukherji and Lal Chand founded Punjab Hindu Sabha in 1909.
2. Mangu Ram started the Ad-Dharm Movement in Punjab.
3. Pandita Ramabai started Arya Mahila Samaj in 1882 with the help of the leaders M.G. Ranade and R.G. Bhandarkar.

Which of the above statements are correct ?

(a) 1 and 2 only (b) 2 and 3 only (c) 1 and 3 only (d) 1, 2 and 3

11. ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਸੰਵਿਧਾਨ ਹਾਈ ਕੋਰਟ ਵਿੱਚ ਜੱਜਾਂ ਦੀ ਗਿਣਤੀ ਨੂੰ ਨਿਰਧਾਰਤ ਨਹੀਂ ਕਰਦਾ ਹੈ।
2. ਸੰਵਿਧਾਨ ਹਾਈ ਕੋਰਟ ਵਿੱਚ ਜੱਜਾਂ ਦੀ ਗਿਣਤੀ ਨੂੰ ਨਿਰਧਾਰਤ ਕਰਨ ਦਾ ਫੈਸਲਾ ਸਬੰਧਤ ਰਾਜ ਵਿਧਾਨ ਸਭਾਵਾਂ ਦੇ ਵਿਵੇਕ 'ਤੇ ਛੱਡਦਾ ਹੈ।
3. ਹਾਈ ਕੋਰਟ ਦੇ ਜੱਜਾਂ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ।

ਉਪਰੋਕਤ ਵਿੱਚੋਂ ਕਿਹੜਾ/ਕਿਹੜੇ ਕਥਨ ***ਗਲਤ*** ਹੈ/ਹਨ ?

(a) ਸਿਰਫ਼ 1 (b) ਸਿਰਫ਼ 2 (c) ਸਿਰਫ਼ 1 ਅਤੇ 2 (d) ਸਿਰਫ਼ 3

12. "ਨੰਗੀ ਧੁੱਪ" ਕਿਸ ਦੀ ਸਵੈਜੀਵਨੀ ਹੈ ?

(a) ਬਲਰਾਜ ਸਾਹਨੀ (b) ਬਲਵੰਤ ਗਾਰਗੀ
(c) ਜਸਵੰਤ ਸਿੰਘ ਕੰਵਲ (d) ਕਰਤਾਰ ਸਿੰਘ ਦੁੱਗਲ

13. ਨਿਮਨਲਿਖਤ ਦਾ ਮਿਲਾਨ ਕਰੋ :

| | *ਸੂਚੀ-I* | | *ਸੂਚੀ-II* |
|---|---|---|---|
| A. | ਸੁਨੇਹੜੇ | 1. | ਬੁੱਲ੍ਹੇ ਸ਼ਾਹ |
| B. | ਦਿਲ ਤਰੰਗ | 2. | ਸ਼ਿਵ ਕੁਮਾਰ ਬਟਾਲਵੀ |
| C. | ਲੂਣਾ | 3. | ਭਾਈ ਵੀਰ ਸਿੰਘ |
| D. | ਕਾਫੀਆਂ | 4. | ਅੰਮ੍ਰਿਤਾ ਪ੍ਰੀਤਮ |

ਸਹੀ ਕੋਡ ਚੁਣੋ :

| | A | B | C | D |
|---|---|---|---|---|
| (a) | 4 | 1 | 2 | 3 |
| (b) | 2 | 3 | 4 | 1 |
| (c) | 4 | 3 | 2 | 1 |
| (d) | 2 | 4 | 1 | 3 |

14. ਕਿਸ ਮੈਗਜ਼ੀਨ ਵਿੱਚ ਨੋਬਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਰਵਿੰਦਰ ਨਾਥ ਟੈਗੋਰ ਨੇ ਸਿੱਖ ਗੁਰੂਆਂ ਦੇ ਜੀਵਨ ਉੱਤੇ ਕਈ ਕਹਾਣੀਆਂ ਅਤੇ ਕਵਿਤਾਵਾਂ ਲਿਖੀਆਂ ਸਨ ?

(a) ਗੀਤਾਂਜਲੀ (b) ਜੀਵਨਸਮ੍ਰਿਤੀ (c) ਬਾਲਕ (d) ਸਾਧਨਾ

15. ਹੇਠਾਂ ਦਿੱਤੇ ਕਥਨਾਂ 'ਤੇ ਵਿਚਾਰ ਕਰੋ :

1. ਯੂ.ਐਨ. ਮੁਖਰਜੀ ਅਤੇ ਲਾਲ ਚੰਦ ਨੇ 1909 ਵਿੱਚ ਪੰਜਾਬ ਹਿੰਦੂ ਸਭਾ ਦੀ ਸਥਾਪਨਾ ਕੀਤੀ।
2. ਮੰਗੂ ਰਾਮ ਨੇ ਪੰਜਾਬ ਵਿੱਚ ਆਦਿ-ਧਰਮ ਲਹਿਰ ਸ਼ੁਰੂ ਕੀਤੀ।
3. ਪੰਡਿਤਾ ਰਮਾਬਾਈ ਨੇ 1882 ਵਿੱਚ ਐਮ.ਜੀ. ਰਾਨਾਡੇ ਅਤੇ ਆਰ.ਜੀ. ਭੰਡਾਰਕਰ ਵਰਗੇ ਨੇਤਾਵਾਂ ਦੀ ਮੱਦਦ ਨਾਲ ਆਰੀਆ ਮਹਿਲਾ ਸਮਾਜ ਦੀ ਸ਼ੁਰੂਆਤ ਕੀਤੀ।

ਉਪਰੋਕਤ ਕਥਨਾਂ ਵਿੱਚੋਂ ਕਿਹੜੇ ਸਹੀ ਹਨ ?

(a) ਸਿਰਫ਼ 1 ਅਤੇ 2 (b) ਸਿਰਫ਼ 2 ਅਤੇ 3 (c) ਸਿਰਫ਼ 1 ਅਤੇ 3 (d) 1, 2 ਅਤੇ 3

**16.** Which committee was named Disorders Inquiry Committee ?

(a) Moti Lal Nehru Committee  (b) Hunter Committee

(c) Muddiman Committee  (d) Sargent Committee

**17.** The Sahitya Akademi Award, 2024 in Punjabi was given to Pal Kaur for which of the following book ?

(a) Mann Di Chip

(b) Bhukh Eon Sah Laindi Hai

(c) Morpankhi Khamb

(d) Sun Gunvanta Sun Budhivanta : Itihaasnama Punjab

**18.** Who was the first President of All India Trade Union Congress ?

(a) N.M. Joshi  (b) Ajit Singh

(c) Deewan Chaman Lal  (d) Lala Lajpat Rai

**19.** Which of the following Sultanate/Mughal rulers were the contemporaries of Guru Nanak Dev ji ?

1. Ala-ud-Din Alam Shah
2. Ibrahim Lodi
3. Sikandar Lodi
4. Bahlol Lodi
5. Humayun
6. Babur
7. Akbar

Choose the correct option :

(a) 1, 2, 3, 4 and 6 only  (b) 2, 3, 4, 5 and 6 only

(c) 2, 4, 5 and 6 only  (d) 3, 5, 6 and 7 only

**20.** Match List-I with List-II and choose the answer from the codes given below :

| | *List-I* | | *List-II* |
|---|---|---|---|
| A. | Sir Henry Lawrence | 1. | British resident at Ludhiana before the First Anglo-Sikh War |
| B. | Sir John Lawrence | 2. | British resident at after First Anglo-Sikh War |
| C. | Lord Hugh Gough | 3. | British Commander-in-Chief during the Second Anglo-Sikh War |
| D. | Major Broadfoot | 4. | The first Chief Commissioner of Punjab |

Choose the correct code :

| | A | B | C | D |
|---|---|---|---|---|
| (a) | 3 | 2 | 1 | 4 |
| (b) | 1 | 3 | 4 | 2 |
| (c) | 4 | 2 | 3 | 1 |
| (d) | 2 | 4 | 3 | 1 |

**16.** ਕਿਸ ਕਮੇਟੀ ਨੂੰ ਵਿਕਾਰ ਜਾਂਚ ਕਮੇਟੀ (Disorders Inquiry Committee) ਕਿਹਾ ਗਿਆ ਸੀ ?

(a) ਮੋਤੀ ਲਾਲ ਨਹਿਰੂ ਕਮੇਟੀ
(b) ਹੰਟਰ ਕਮੇਟੀ
(c) ਮੱਡੀਮਾਨ ਕਮੇਟੀ
(d) ਸਾਰਜੈਂਟ ਕਮੇਟੀ

**17.** ਪੰਜਾਬੀ ਵਿੱਚ ਸਾਹਿਤ ਅਕਾਦਮੀ ਪੁਰਸਕਾਰ, 2024 ਪਾਲ ਕੌਰ ਨੂੰ ਹੇਠ ਲਿਖੀਆਂ ਵਿੱਚੋਂ ਕਿਸ ਕਿਤਾਬ ਲਈ ਦਿੱਤਾ ਗਿਆ ਸੀ ?

(a) ਮਨ ਦੀ ਚਿੱਪ
(b) ਭੁੱਖ ਇਉਂ ਸਾਹ ਲੈਂਦੀ ਹੈ
(c) ਮੋਰਪੰਖੀ ਖੰਭ
(d) ਸੁਣ ਗੁਣਵੰਤਾ ਸੁਣ ਬੁੱਧੀਵੰਤਾ: ਇਤਿਹਾਸਨਾਮਾ ਪੰਜਾਬ

**18.** ਆਲ ਇੰਡੀਆ ਟ੍ਰੇਡ ਯੂਨੀਅਨ ਕਾਂਗਰਸ ਦਾ ਪਹਿਲਾ ਪ੍ਰਧਾਨ ਕੌਣ ਸੀ ?

(a) ਐਨ.ਐਮ. ਜੋਸ਼ੀ
(b) ਅਜੀਤ ਸਿੰਘ
(c) ਦੀਵਾਨ ਚਮਨ ਲਾਲ
(d) ਲਾਲਾ ਲਾਜਪਤ ਰਾਏ

**19.** ਹੇਠ ਲਿਖੇ ਸੁਲਤਾਨਾਂ/ਮੁਗਲ ਸ਼ਾਸਕਾਂ ਵਿੱਚੋਂ ਕਿਹੜੇ, ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸਨ ?

1. ਅਲਾਉੱਦੀਨ ਆਲਮ ਸ਼ਾਹ
2. ਇਬਰਾਹਿਮ ਲੋਧੀ
3. ਸਿਕੰਦਰ ਲੋਧੀ
4. ਬਹਿਲੋਲ ਲੋਧੀ
5. ਹੁਮਾਯੂੰ
6. ਬਾਬਰ
7. ਅਕਬਰ

ਸਹੀ ਵਿਕਲਪ ਚੁਣੋ :

(a) ਸਿਰਫ਼ 1, 2, 3, 4 ਅਤੇ 6
(b) ਸਿਰਫ਼ 2, 3, 4, 5 ਅਤੇ 6
(c) ਸਿਰਫ਼ 2, 4, 5 ਅਤੇ 6
(d) ਸਿਰਫ਼ 3, 5, 6 ਅਤੇ 7

**20.** ਸੂਚੀ-I ਦਾ ਸੂਚੀ-II ਨਾਲ ਮਿਲਾਨ ਕਰੋ ਅਤੇ ਹੇਠਾਂ ਦਿੱਤੇ ਕੋਡਾਂ ਵਿੱਚੋਂ ਉੱਤਰ ਚੁਣੋ :

| | *ਸੂਚੀ-I* | | *ਸੂਚੀ-II* |
|---|---|---|---|
| A. | ਸਰ ਹੈਨਰੀ ਲਾਰੈਂਸ | 1. | ਪਹਿਲੀ ਐਂਗਲੋ-ਸਿੱਖ ਜੰਗ ਤੋਂ ਪਹਿਲਾਂ ਲੁਧਿਆਣਾ ਵਿਖੇ ਬ੍ਰਿਟਿਸ਼ ਨਿਵਾਸੀ (resident) |
| B. | ਸਰ ਜਾਨ ਲਾਰੈਂਸ | 2. | ਪਹਿਲੀ ਐਂਗਲੋ-ਸਿੱਖ ਜੰਗ ਤੋਂ ਬਾਅਦ ਬ੍ਰਿਟਿਸ਼ ਨਿਵਾਸੀ (resident) |
| C. | ਲਾਰਡ ਹਿਊ ਗੌਫ਼ | 3. | ਦੂਜੀ ਐਂਗਲੋ-ਸਿੱਖ ਜੰਗ ਦੌਰਾਨ ਬ੍ਰਿਟਿਸ਼ ਕਮਾਂਡਰ-ਇਨ-ਚੀਫ਼ |
| D. | ਮੇਜਰ ਬ੍ਰੋਡਫੁੱਟ | 4. | ਪੰਜਾਬ ਦਾ ਪਹਿਲਾ ਮੁੱਖ ਕਮਿਸ਼ਨਰ |

ਸਹੀ ਕੋਡ ਚੁਣੋ :

| | A | B | C | D |
|---|---|---|---|---|
| (a) | 3 | 2 | 1 | 4 |
| (b) | 1 | 3 | 4 | 2 |
| (c) | 4 | 2 | 3 | 1 |
| (d) | 2 | 4 | 3 | 1 |

**21.** Consider the following statements on ancient history based on archaeological and literary sources :

1. It is quite likely that the Indus Valley people recognized the importance of cow for its milk/dairy products and horse for its agility in warfare.
2. The Vajapeya sacrifice was performed by the kings in the later Vedic period to bestow divinity on the king.

Which of the above statements is/are correct ?

(a) 1 only (b) 2 only

(c) Both 1 and 2 (d) Neither 1 nor 2

**22.** Match the following texts with their authors :

| | *Text* | | *Author* |
|---|---|---|---|
| A. | Buddhacharita | 1. | Nagasena |
| B. | Sutralankara | 2. | Ashvaghosha |
| C. | Milinda Panho | 3. | Nagarjuna |
| D. | Madhyamika Karika | 4. | Asanga |

Choose the correct code :

| | A | B | C | D |
|---|---|---|---|---|
| (a) | 2 | 3 | 1 | 4 |
| (b) | 1 | 4 | 3 | 2 |
| (c) | 4 | 1 | 3 | 2 |
| (d) | 2 | 4 | 1 | 3 |

**23.** The decline of the Nanda dynasty at the hands of Chandragupta Maurya and Kautilya has been vividly portrayed in which of the following Sanskrit plays ?

(a) Devichandraguptam (b) Malavikagnimitram

(c) Mrichhakatika (d) Mudrarakshasa

**24.** Which foreign traveller stated that — Harshavardhana could ***not*** subdue Badami Chalukya's Pulakeshin II ?

(a) Fa-Hien (b) Hiuen Tsang

(c) Yijing (d) Al-Biruni

21. ਪੁਰਾਤੱਤਵ ਅਤੇ ਸਾਹਿਤਕ ਸਰੋਤਾਂ ਦੇ ਆਧਾਰ 'ਤੇ ਪ੍ਰਾਚੀਨ ਇਤਿਹਾਸ ਬਾਰੇ ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਇਹ ਕਾਫ਼ੀ ਸੰਭਾਵਨਾ ਹੈ ਕਿ ਸਿੰਧੂ ਘਾਟੀ ਦੇ ਲੋਕਾਂ ਨੇ ਗਾਂ ਨੂੰ ਇਸਦੇ ਦੁੱਧ/ਡੇਅਰੀ ਉਤਪਾਦਾਂ ਲਈ ਅਤੇ ਘੋੜੇ ਨੂੰ ਯੁੱਧ ਵਿੱਚ ਇਸਦੀ ਚੁਸਤੀ ਲਈ ਮਹੱਤਵ ਦਿੱਤਾ।
2. ਬਾਅਦ ਦੇ ਵੈਦਿਕ ਕਾਲ ਵਿੱਚ ਰਾਜਿਆਂ ਦੁਆਰਾ ਰਾਜੇ ਨੂੰ ਬ੍ਰਹਮਤਾ ਪ੍ਰਦਾਨ ਕਰਨ ਲਈ ਵਾਜਪੇਯ ਬਲੀਦਾਨ ਦਿੱਤਾ ਜਾਂਦਾ ਸੀ।

ਉਪਰੋਕਤ ਕਥਨਾਂ ਵਿੱਚੋਂ ਕਿਹੜਾ/ਕਿਹੜੇ ਸਹੀ ਹੈ/ਹਨ ?

(a) ਸਿਰਫ਼ 1
(b) ਸਿਰਫ਼ 2
(c) ਦੋਵੇਂ 1 ਅਤੇ 2
(d) ਨਾ ਤਾਂ 1 ਅਤੇ ਨਾ ਹੀ 2

22. ਹੇਠ ਲਿਖੇ ਟੈਕਸਟ ਨੂੰ ਉਹਨਾਂ ਦੇ ਲੇਖਕਾਂ ਨਾਲ ਮੇਲ ਕਰੋ :

| | *ਟੈਕਸਟ* | | *ਲੇਖਕ* |
|---|---|---|---|
| A. | ਬੁੱਧਚਰਿਤ | 1. | ਨਾਗਸੇਨ |
| B. | ਸੂਤਰਲੰਕਾਰ | 2. | ਅਸ਼ਵਘੋਸ਼ |
| C. | ਮਿਲਿੰਦਾ ਪਨਹੋ | 3. | ਨਾਗਾਰਜੁਨ |
| D. | ਮਧਿਅਮਿਕ ਕਾਰਿਕਾ | 4. | ਅਸੰਗ |

ਸਹੀ ਕੋਡ ਚੁਣੋ :

| | A | B | C | D |
|---|---|---|---|---|
| (a) | 2 | 3 | 1 | 4 |
| (b) | 1 | 4 | 3 | 2 |
| (c) | 4 | 1 | 3 | 2 |
| (d) | 2 | 4 | 1 | 3 |

23. ਚੰਦਰਗੁਪਤ ਮੌਰਿਆ ਅਤੇ ਕੌਟਿਲਯ ਦੇ ਹੱਥੋਂ ਨੰਦਾ ਰਾਜਵੰਸ਼ ਦੇ ਪਤਨ ਨੂੰ ਹੇਠ ਲਿਖੇ ਸੰਸਕ੍ਰਿਤ ਨਾਟਕਾਂ ਵਿੱਚੋਂ ਕਿਹੜੇ ਵਿੱਚ ਸਪਸ਼ਟ ਰੂਪ ਵਿੱਚ ਦਰਸਾਇਆ ਗਿਆ ਹੈ ?

(a) ਦੇਵੀਚੰਦਰਗੁਪਤਮ
(b) ਮਾਲਵਿਕਾਗਨਿਮਿਤਰਮ
(c) ਮ੍ਰਿਛਕਟਿਕ
(d) ਮੁਦਰਾਰਾਕਸ਼ਸ

24. ਕਿਸ ਵਿਦੇਸ਼ੀ ਯਾਤਰੀ ਨੇ ਕਿਹਾ ਸੀ ਕਿ — ਹਰਸ਼ਵਰਧਨ ਬਦਾਮੀ ਚਾਲੂਕਿਆ ਦੇ ਪੁਲਕੇਸ਼ਿਨ II ਨੂੰ ਆਪਣੇ ਅਧੀਨ ***ਨਹੀਂ*** ਕਰ ਸਕਿਆ ?

(a) ਫਾ-ਹਿਆਨ
(b) ਹਿਊਨ ਸਾਂਗ
(c) ਯਿਜਿੰਗ
(d) ਅਲ-ਬਿਰੂਨੀ

**25.** Consider the following statements in the context of medieval historians :

1. ‘Raziya was endowed with all qualities befitting a king, but she was not born of the right sex…’ was written by Ziauddin Barani.
2. “The king was freed from his people and they from their king” was written by Badauni to describe the death of Balban.

Which of the above statements is/are correct ?

(a) 1 only (b) 2 only

(c) Both 1 and 2 (d) Neither 1 nor 2

**26.** Which edict was issued by Akbar to assert his spiritual authority over ulemas ?

(a) Fatwa-i-Alamgiri (b) Sulh-i-Kul

(c) Din-i-Ilahi Proclamation (d) Mahzar Nama

**27.** Consider the following statements about Chhatrapati Shivaji Maharaj :

1. He was coronated at Purandar Fort.
2. He introduced Sindhudurg naval base to safeguard Maratha coasts.
3. He employed Ganimi Kava strategy against the Mughals.

Which of the above statements is/are correct ?

(a) 1 only (b) 2 only

(c) 1 and 3 only (d) 2 and 3 only

**28.** Which of the following statements is true regarding the appointment of Indians to public offices under the British rule ?

(a) The Charter Act of 1833 completely eliminated the restrictions on Indians holding high public office.

(b) The system of open competitive examination for public office appointments was introduced in 1853 and reaffirmed in 1858.

(c) The maximum age for admission to competitive examinations remained at twenty-three throughout the period.

(d) Indians could only hold high public offices if they were appointed by the Secretary of State after 1858, with no competitive examination required.

25. ਮੱਧਯੁਗੀ ਇਤਿਹਾਸਕਾਰਾਂ ਦੇ ਸੰਦਰਭ ਵਿੱਚ ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. 'ਰਜ਼ੀਆ ਨੂੰ ਇੱਕ ਰਾਜੇ ਦੇ ਯੋਗ ਸਾਰੇ ਗੁਣਾਂ ਨਾਲ ਨਿਵਾਜਿਆ ਗਿਆ ਸੀ, ਪਰ ਉਹ ਸਹੀ ਲਿੰਗ ਤੋਂ ਪੈਦਾ ਨਹੀਂ ਹੋਈ ਸੀ...' ਜ਼ਿਆਉਦੀਨ ਬਰਨੀ ਦੁਆਰਾ ਲਿਖਿਆ ਗਿਆ ਸੀ।
2. "ਰਾਜਾ ਆਪਣੇ ਲੋਕਾਂ ਤੋਂ ਅਤੇ ਲੋਕ ਆਪਣੇ ਰਾਜੇ ਤੋਂ ਮੁਕਤ ਹੋਏ ਸਨ" ਬਲਬਨ ਦੀ ਮੌਤ ਦਾ ਵਰਣਨ ਕਰਨ ਲਈ ਬਦੌਨੀ ਦੁਆਰਾ ਲਿਖਿਆ ਗਿਆ ਸੀ।

ਉਪਰੋਕਤ ਵਿੱਚੋਂ ਕਿਹੜਾ/ਕਿਹੜੇ ਕਥਨ ਸਹੀ ਹੈ/ਹਨ ?

(a) ਸਿਰਫ਼ 1
(b) ਸਿਰਫ਼ 2
(c) ਦੋਵੇਂ 1 ਅਤੇ 2
(d) ਨਾ ਤਾਂ 1 ਅਤੇ ਨਾ ਹੀ 2

26. ਅਕਬਰ ਦੁਆਰਾ ਉਲਮਾਵਾਂ ਉੱਤੇ ਆਪਣਾ ਅਧਿਆਤਮਿਕ ਅਧਿਕਾਰ ਜਤਾਉਣ ਲਈ ਕਿਹੜਾ ਫ਼ਰਮਾਨ ਜਾਰੀ ਕੀਤਾ ਗਿਆ ਸੀ ?

(a) ਫ਼ਤਵਾ-ਏ-ਆਲਮਗਿਰੀ
(b) ਸੁਲਹ-ਏ-ਕੁਲ
(c) ਦੀਨ-ਏ-ਇਲਾਹੀ ਐਲਾਨ
(d) ਮਹਜ਼ਰ ਨਾਮਾ

27. ਛਤਰਪਤੀ ਸ਼ਿਵਾਜੀ ਮਹਾਰਾਜ ਬਾਰੇ ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਉਨ੍ਹਾਂ ਦੀ ਪੁਰੰਦਰ ਕਿਲ੍ਹੇ 'ਤੇ ਤਾਜਪੋਸ਼ੀ ਹੋਈ ਸੀ।
2. ਉਨ੍ਹਾਂ ਨੇ ਮਰਾਠਾ ਤੱਟਾਂ ਦੀ ਰੱਖਿਆ ਲਈ ਸਿੰਧੂਦੁਰਗ ਜਲ ਸੈਨਾ ਅੱਡਾ ਸ਼ੁਰੂ ਕੀਤਾ।
3. ਉਨ੍ਹਾਂ ਨੇ ਮੁਗ਼ਲਾਂ ਵਿਰੁੱਧ ਗਨੀਮੀ ਕਾਵਾ ਰਣਨੀਤੀ ਅਪਣਾਈ।

ਸਹੀ ਵਿਕਲਪ ਚੁਣੋ :

(a) ਸਿਰਫ਼ 1
(b) ਸਿਰਫ਼ 2
(c) ਸਿਰਫ਼ 1 ਅਤੇ 3
(d) ਸਿਰਫ਼ 2 ਅਤੇ 3

28. ਬ੍ਰਿਟਿਸ਼ ਸ਼ਾਸਨ ਅਧੀਨ ਭਾਰਤੀਆਂ ਦੀ ਜਨਤਕ ਅਹੁਦਿਆਂ 'ਤੇ ਨਿਯੁਕਤੀ ਸੰਬੰਧੀ ਹੇਠ ਲਿਖਿਆਂ ਵਿੱਚੋਂ ਕਿਹੜਾ ਬਿਆਨ ਸਹੀ ਹੈ ?

(a) 1833 ਦੇ ਚਾਰਟਰ ਐਕਟ ਨੇ ਭਾਰਤੀਆਂ 'ਤੇ ਉੱਚ ਜਨਤਕ ਅਹੁਦਾ ਰੱਖਣ 'ਤੇ ਪਾਬੰਦੀਆਂ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ।
(b) ਜਨਤਕ ਅਹੁਦਿਆਂ 'ਤੇ ਨਿਯੁਕਤੀਆਂ ਲਈ ਖੁੱਲ੍ਹੀ ਪ੍ਰਤੀਯੋਗੀ ਪ੍ਰੀਖਿਆ ਦੀ ਪ੍ਰਣਾਲੀ 1853 ਵਿੱਚ ਸ਼ੁਰੂ ਕੀਤੀ ਗਈ ਸੀ ਅਤੇ 1858 ਵਿੱਚ ਇਸਦੀ ਪੁਸ਼ਟੀ ਕੀਤੀ ਗਈ ਸੀ।
(c) ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਦਾਖ਼ਲੇ ਲਈ ਵੱਧ ਤੋਂ ਵੱਧ ਉਮਰ ਇਸ ਸਮੇਂ ਦੌਰਾਨ ਤੇਈ ਸਾਲ ਰਹੀ।
(d) ਭਾਰਤੀ ਸਿਰਫ਼ ਤਾਂ ਹੀ ਉੱਚ ਜਨਤਕ ਅਹੁਦਿਆਂ 'ਤੇ ਰਹਿ ਸਕਦੇ ਸਨ ਜੇਕਰ ਉਨ੍ਹਾਂ ਨੂੰ 1858 ਤੋਂ ਬਾਅਦ ਰਾਜ ਸਕੱਤਰ (Secretary of State) ਦੁਆਰਾ ਨਿਯੁਕਤ ਕੀਤਾ ਜਾਂਦਾ ਸੀ, ਜਿਸ ਵਿੱਚ ਕਿਸੇ ਮੁਕਾਬਲੇ ਦੀ ਪ੍ਰੀਖਿਆ ਦੀ ਲੋੜ ਨਹੀਂ ਹੁੰਦੀ ਸੀ।

**29.** Indigo cultivation in India declined by the beginning of the 20th century because of :

(a) Peasant resistance to the oppressive conduct of planters

(b) Its unprofitability in the world market because of new inventions and discoveries

(c) National leaders' opposition to the cultivation of indigo

(d) Government control over the planters

**30.** What was the significant political move made by Wavell on the instructions by Churchill in June 1945 in anticipation of the British elections ?

(a) He announced complete independence for India.

(b) He permitted Indian leaders to draft a new constitution.

(c) He proposed talks for forming a new Executive Council with an Indian majority.

(d) He dissolved the Congress Working Committee.

**31.** What was the primary purpose of the Babington-Smith Committee, appointed in 1919 ?

(a) To investigate British excesses done under the Rowlatt Act

(b) To study the impact of the war on Indian exchange, currency system, and note issue practices

(c) To draft a new education policy

(d) To look into the causes of famine, formulate general principles and suggest measures of preventive and protective character

**32.** For the Assertion (A) and Reason (R) given below, choose the correct alternative from the following :

**Assertion (A) :** The Quit India Movement of 1942 was the final call for independence by the Indian National Congress during the British rule.

**Reason (R) :** The movement failed to gain support from the masses, and the British quickly suppressed it with arrests and force, leading to its immediate collapse.

(a) Both A and R are correct and R is the correct explanation of A.

(b) Both A and R are correct, but R is not the correct explanation of A.

(c) A is correct, but R is incorrect.

(d) A is incorrect, but R is correct.

29. 20ਵੀਂ ਸਦੀ ਦੇ ਸ਼ੁਰੂ ਤੱਕ ਭਾਰਤ ਵਿੱਚ ਨੀਲ ਦੀ ਖੇਤੀ ਵਿੱਚ ਗਿਰਾਵਟ ਆਈ ਕਿਉਂਕਿ :

(a) ਬਾਗਾਂ ਦੇ ਮਾਲਿਕਾਂ ਦੇ ਦਮਨਕਾਰੀ ਆਚਰਣ ਪ੍ਰਤੀ ਕਿਸਾਨਾਂ ਦਾ ਵਿਰੋਧ

(b) ਨਵੀਆਂ ਕਾਢਾਂ ਅਤੇ ਖੋਜਾਂ ਕਾਰਨ ਵਿਸ਼ਵ ਬਾਜ਼ਾਰ ਵਿੱਚ ਇਸਦੀ ਗ਼ੈਰ-ਮੁਨਾਫ਼ਾਯੋਗਤਾ

(c) ਨੀਲ ਦੀ ਖੇਤੀ ਪ੍ਰਤੀ ਰਾਸ਼ਟਰੀ ਨੇਤਾਵਾਂ ਦਾ ਵਿਰੋਧ

(d) ਬਾਗਾਂ ਦੇ ਮਾਲਿਕਾਂ 'ਤੇ ਸਰਕਾਰੀ ਨਿਯੰਤਰਣ

30. ਜੂਨ 1945 ਵਿੱਚ ਬ੍ਰਿਟਿਸ਼ ਚੋਣਾਂ ਦੀ ਉਮੀਦ ਵਿੱਚ ਚਰਚਿਲ ਦੇ ਨਿਰਦੇਸ਼ਾਂ 'ਤੇ ਵੇਵਲ ਦੁਆਰਾ ਕੀਤਾ ਗਿਆ ਮਹੱਤਵਪੂਰਨ ਰਾਜਨੀਤਿਕ ਕਦਮ ਕੀ ਸੀ ?

(a) ਉਸਨੇ ਭਾਰਤ ਲਈ ਪੂਰੀ ਆਜ਼ਾਦੀ ਦਾ ਐਲਾਨ ਕੀਤਾ।

(b) ਉਸਨੇ ਭਾਰਤੀ ਨੇਤਾਵਾਂ ਨੂੰ ਇੱਕ ਨਵਾਂ ਸੰਵਿਧਾਨ ਤਿਆਰ ਕਰਨ ਦੀ ਇਜਾਜ਼ਤ ਦਿੱਤੀ।

(c) ਉਸਨੇ ਭਾਰਤੀ ਬਹੁਮਤ ਨਾਲ ਇੱਕ ਨਵੀਂ ਕਾਰਜਕਾਰੀ ਕੌਂਸਲ ਬਣਾਉਣ ਲਈ ਗੱਲਬਾਤ ਦਾ ਪ੍ਰਸਤਾਵ ਰੱਖਿਆ।

(d) ਉਸਨੇ ਕਾਂਗਰਸ ਵਰਕਿੰਗ ਕਮੇਟੀ ਨੂੰ ਭੰਗ ਕਰ ਦਿੱਤਾ।

31. 1919 ਵਿੱਚ ਨਿਯੁਕਤ ਬੈਬਿੰਗਟਨ-ਸਮਿਥ ਕਮੇਟੀ ਦਾ ਮੁੱਖ ਉਦੇਸ਼ ਕੀ ਸੀ ?

(a) ਰੋਲਟ ਐਕਟ ਅਧੀਨ ਕੀਤੀਆਂ ਗਈਆਂ ਬ੍ਰਿਟਿਸ਼ ਵਧੀਕੀਆਂ ਦੀ ਜਾਂਚ ਕਰਨਾ

(b) ਭਾਰਤੀ ਮੁਦਰਾ, ਮੁਦਰਾ ਪ੍ਰਣਾਲੀ ਅਤੇ ਨੋਟ ਜਾਰੀ ਕਰਨ ਦੇ ਅਭਿਆਸਾਂ 'ਤੇ ਯੁੱਧ ਦੇ ਪ੍ਰਭਾਵ ਦਾ ਅਧਿਐਨ ਕਰਨਾ

(c) ਇੱਕ ਨਵੀਂ ਸਿੱਖਿਆ ਨੀਤੀ ਦਾ ਖਰੜਾ ਤਿਆਰ ਕਰਨਾ

(d) ਕਾਲ ਦੇ ਕਾਰਨਾਂ ਦੀ ਜਾਂਚ ਕਰਨਾ, ਆਮ ਸਿਧਾਂਤ ਤਿਆਰ ਕਰਨਾ ਅਤੇ ਰੋਕਥਾਮ ਅਤੇ ਸੁਰੱਖਿਆਤਮਕ ਚਰਿੱਤਰ ਦੇ ਉਪਾਅ ਸੁਝਾਉਣਾ

32. ਹੇਠਾਂ ਦਿੱਤੇ ਗਏ ਦਾਅਵੇ (Assertion) (A) ਅਤੇ ਕਾਰਨ (Reason) (R) ਲਈ, ਹੇਠ ਲਿਖਿਆਂ ਵਿੱਚੋਂ ਸਹੀ ਵਿਕਲਪ ਚੁਣੋ :

**ਦਾਅਵਾ (Assertion) (A)** : 1942 ਦਾ ਭਾਰਤ ਛੱਡੋ ਅੰਦੋਲਨ ਬ੍ਰਿਟਿਸ਼ ਸ਼ਾਸਨ ਦੌਰਾਨ ਇੰਡੀਅਨ ਨੈਸ਼ਨਲ ਕਾਂਗਰਸ ਦੁਆਰਾ ਆਜ਼ਾਦੀ ਲਈ ਆਖ਼ਰੀ ਸੱਦਾ ਸੀ।

**ਕਾਰਨ (Reason) (R)** : ਅੰਦੋਲਨ ਜਨਤਾ ਤੋਂ ਸਮਰਥਨ ਪ੍ਰਾਪਤ ਕਰਨ ਵਿੱਚ ਅਸਫ਼ਲ ਰਿਹਾ, ਅਤੇ ਅੰਗ੍ਰੇਜ਼ਾ ਨੇ ਇਸਨੂੰ ਜਲਦੀ ਹੀ ਗ੍ਰਿਫ਼ਤਾਰੀਆਂ ਅਤੇ ਤਾਕਤ ਨਾਲ ਦਬਾ ਦਿੱਤਾ, ਜਿਸ ਨਾਲ ਇਸਦਾ ਤੁਰੰਤ ਪਤਨ ਹੋ ਗਿਆ।

(a) A ਅਤੇ R ਦੋਵੇਂ ਸਹੀ ਹਨ ਅਤੇ R, A ਦੀ ਸਹੀ ਵਿਆਖਿਆ ਹੈ।

(b) A ਅਤੇ R ਦੋਵੇਂ ਸਹੀ ਹਨ, ਪਰ R, A ਦੀ ਸਹੀ ਵਿਆਖਿਆ ਨਹੀਂ ਹੈ।

(c) A ਸਹੀ ਹੈ, ਪਰ R ਗ਼ਲਤ ਹੈ।

(d) A ਗ਼ਲਤ ਹੈ, ਪਰ R ਸਹੀ ਹੈ।

**33.** Match the following leaders with their journals :

| | | | |
|---|---|---|---|
| A. | Bipin Chandra Pal | 1. | Bande Mataram |
| B. | Aurobindo Ghosh | 2. | New India |
| C. | Satish Chandra Mukherjee | 3. | Bharat Sramajibi |
| D. | Sasipada Banerji | 4. | Dawn |

Choose the correct code from the following :

| | A | B | C | D |
|---|---|---|---|---|
| (a) | 2 | 1 | 4 | 3 |
| (b) | 2 | 1 | 3 | 4 |
| (c) | 1 | 2 | 4 | 3 |
| (d) | 4 | 3 | 2 | 1 |

**34.** Consider the following pairs :

| | *Diseases* | *Causative agent* |
|---|---|---|
| 1. | Diphtheria | Bacteria |
| 2. | Measles | Fungus |
| 3. | Cholera | Virus |
| 4. | Kala-azar | Protozoan |

Which of the above pairs are correctly matched ?

(a) 2 and 3 only
(b) 1 and 3 only
(c) 1 and 4 only
(d) 2 and 4 only

**35.** Consider the following statements regarding soaps :

1. A soap molecule has a hydrophobic head and a hydrophilic tail.
2. Aqueous solution of soap above critical micelle concentration will show the Tyndall effect.

Which of the above statements is/are correct ?

(a) 1 only
(b) 2 only
(c) Both 1 and 2
(d) Neither 1 nor 2

33. ਹੇਠ ਲਿਖੇ ਨੇਤਾਵਾਂ ਨੂੰ ਉਨ੍ਹਾਂ ਦੇ ਰਸਾਲਿਆਂ ਨਾਲ ਮਿਲਾਓ :

| | | | |
|---|---|---|---|
| A. | ਬਿਪਿਨ ਚੰਦਰ ਪਾਲ | 1. | ਬੰਦੇ ਮਾਤਰਮ |
| B. | ਔਰਬਿੰਦੋ ਘੋਸ਼ | 2. | ਨਿਊ ਇੰਡੀਆ |
| C. | ਸਤੀਸ਼ ਚੰਦਰ ਮੁਖਰਜੀ | 3. | ਭਾਰਤ ਸ਼੍ਰਮਜੀਬੀ |
| D. | ਸ਼ਸ਼ੀਪਦਾ ਬੈਨਰਜੀ | 4. | ਡਾਨ |

ਹੇਠ ਲਿਖੇ ਵਿੱਚੋਂ ਸਹੀ ਕੋਡ ਚੁਣੋ :

| | A | B | C | D |
|---|---|---|---|---|
| (a) | 2 | 1 | 4 | 3 |
| (b) | 2 | 1 | 3 | 4 |
| (c) | 1 | 2 | 4 | 3 |
| (d) | 4 | 3 | 2 | 1 |

34. ਹੇਠ ਲਿਖੇ ਜੋੜਿਆਂ 'ਤੇ ਵਿਚਾਰ ਕਰੋ :

| | *ਬਿਮਾਰੀਆਂ* | *ਕਾਰਕ ਏਜੰਟ* |
|---|---|---|
| 1. | ਡਿਪਥੀਰੀਆ | ਬੈਕਟੀਰੀਆ |
| 2. | ਖਸਰਾ (Measles) | ਉੱਲੀ (Fungus) |
| 3. | ਹੈਜ਼ਾ (Cholera) | ਵਾਇਰਸ |
| 4. | ਕਾਲਾ-ਆਜ਼ਾਰ | ਪ੍ਰੋਟੋਜ਼ੋਅਨ |

ਉਪਰੋਕਤ ਜੋੜਿਆਂ ਵਿੱਚੋਂ ਕਿਹੜੇ ਸਹੀ ਮੇਲ ਖਾਂਦੇ ਹਨ ?

(a) ਸਿਰਫ਼ 2 ਅਤੇ 3
(b) ਸਿਰਫ਼ 1 ਅਤੇ 3
(c) ਸਿਰਫ਼ 1 ਅਤੇ 4
(d) ਸਿਰਫ਼ 2 ਅਤੇ 4

35. ਸਾਬਣਾਂ ਸੰਬੰਧੀ ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਇੱਕ ਸਾਬਣ ਦੇ ਅਣੂ ਵਿੱਚ ਇੱਕ ਹਾਈਡ੍ਰੋਫੋਬਿਕ ਸਿਰ (Hydrophobic Head) ਅਤੇ ਇੱਕ ਹਾਈਡ੍ਰੋਫਿਲਿਕ ਪੂਛ (Hydrophilic Tail) ਹੁੰਦੀ ਹੈ।
2. ਮਹੱਤਵਪੂਰਨ ਮਿਸਲ (Micelle) ਗਾੜ੍ਹਾਪਣ ਤੋਂ ਉੱਪਰ ਸਾਬਣ ਦਾ ਜਲਮਈ ਘੋਲ ਟਿੰਡਲ ਪ੍ਰਭਾਵ (Tyndall Effect) ਦਿਖਾਏਗਾ।

ਉਪਰੋਕਤ ਵਿੱਚੋਂ ਕਿਹੜਾ/ਕਿਹੜੇ ਕਥਨ ਸਹੀ ਹੈ/ਹਨ ?

(a) ਸਿਰਫ਼ 1
(b) ਸਿਰਫ਼ 2
(c) ਦੋਵੇਂ 1 ਅਤੇ 2
(d) ਨਾ ਤਾਂ 1 ਅਤੇ ਨਾ ਹੀ 2

**36.** For the Assertion (A) and Reason (R) given below, choose the correct alternative from the following :

**Assertion (A) :** Stainless steel is considered a highly corrosion-resistant material.

**Reason (R) :** It contains chromium, which reacts with oxygen in the air to form a protective oxide layer.

(a) Both A and R are true and R is the correct explanation of A.

(b) Both A and R are true, but R is not the correct explanation of A.

(c) A is true, but R is false.

(d) A is false, but R is true.

**37.** Consider the following statements about enzymes :

1. Enzymes increase the activation energy of a reaction.
2. Enzymes work at their optimum temperature and pH.
3. The activity of enzymes cannot be affected by other compounds.
4. Enzymes need to be used in excess compared to the reagent to catalyse the reaction.

How many of the above statements is/are correct ?

(a) Only one (b) Only two

(c) Only three (d) All four

**38.** Consider the following statements :

**Statement I :** Cooking food takes more time in Shimla as compared to Delhi.

**Statement II :** As altitude increases and atmospheric pressure decreases, the boiling point of water decreases.

Which one of the following is correct in respect of the above statements ?

(a) Both Statement I and Statement II are correct and Statement II is the correct explanation for Statement I.

(b) Both Statement I and Statement II are correct, but Statement II is not the correct explanation for Statement I.

(c) Statement I is correct, but Statement II is incorrect.

(d) Both Statement I and Statement II are incorrect.

36. ਹੇਠਾਂ ਦਿੱਤੇ ਗਏ ਦਾਅਵੇ (Assertion) (A) ਅਤੇ ਕਾਰਨ (Reason) (R) ਲਈ, ਹੇਠ ਲਿਖਿਆਂ ਵਿੱਚੋਂ ਸਹੀ ਵਿਕਲਪ ਚੁਣੋ :

**ਦਾਅਵਾ (Assertion) (A) :** ਸਟੇਨਲੈੱਸ ਸਟੀਲ ਨੂੰ ਇੱਕ ਬਹੁਤ ਜ਼ਿਆਦਾ ਖੋਰ-ਰੋਧਕ (corrosion resistant) ਸਮੱਗਰੀ ਮੰਨਿਆ ਜਾਂਦਾ ਹੈ।

**ਕਾਰਨ (Reason) (R) :** ਇਸ ਵਿੱਚ ਕ੍ਰੋਮੀਅਮ ਹੁੰਦਾ ਹੈ, ਜੋ ਹਵਾ ਵਿੱਚ ਆਕਸੀਜਨ ਨਾਲ ਪ੍ਰਤੀਕਿਰਿਆ ਕਰਕੇ ਇੱਕ ਸੁਰੱਖਿਆਤਮਕ ਆਕਸਾਈਡ ਪਰਤ ਬਣਾਉਂਦਾ ਹੈ।

(a) A ਅਤੇ R ਦੋਵੇਂ ਸਹੀ ਹਨ ਅਤੇ R, A ਦੀ ਸਹੀ ਵਿਆਖਿਆ ਹੈ।

(b) A ਅਤੇ R ਦੋਵੇਂ ਸਹੀ ਹਨ, ਪਰ R, A ਦੀ ਸਹੀ ਵਿਆਖਿਆ ਨਹੀਂ ਹੈ।

(c) A ਸਹੀ ਹੈ, ਪਰ R ਗ਼ਲਤ ਹੈ।

(d) A ਗ਼ਲਤ ਹੈ, ਪਰ R ਸਹੀ ਹੈ।

37. ਐਨਜ਼ਾਈਮਾਂ ਬਾਰੇ ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਐਨਜ਼ਾਈਮ ਇੱਕ ਪ੍ਰਤੀਕ੍ਰਿਆ ਦੀ ਕਿਰਿਆਸ਼ੀਲਤਾ ਊਰਜਾ (activation energy) ਨੂੰ ਵਧਾਉਂਦੇ ਹਨ।
2. ਐਨਜ਼ਾਈਮ ਆਪਣੇ ਢੁੱਕਵੇਂ ਤਾਪਮਾਨ ਅਤੇ pH 'ਤੇ ਕੰਮ ਕਰਦੇ ਹਨ।
3. ਐਨਜ਼ਾਈਮਾਂ ਦੀ ਗਤੀਵਿਧੀ ਦੂਜੇ ਮਿਸ਼ਰਣਾਂ ਦੁਆਰਾ ਪ੍ਰਭਾਵਿਤ ਨਹੀਂ ਹੋ ਸਕਦੀ।
4. ਪ੍ਰਤੀਕ੍ਰਿਆ ਨੂੰ ਉਤਪ੍ਰੇਰਕ (Catalyse) ਕਰਨ ਲਈ ਰੀਐਜੈਂਟ (Reagent) ਦੇ ਮੁਕਾਬਲੇ ਐਨਜ਼ਾਈਮਾਂ ਦੀ ਜ਼ਿਆਦਾ ਵਰਤੋਂ ਕਰਨ ਦੀ ਲੋੜ ਹੁੰਦੀ ਹੈ।

ਉਪਰੋਕਤ ਕਥਨਾਂ ਵਿੱਚੋਂ ਕਿੰਨੇ ਸਹੀ ਹਨ ?

(a) ਸਿਰਫ਼ ਇੱਕ
(b) ਸਿਰਫ਼ ਦੋ
(c) ਸਿਰਫ਼ ਤਿੰਨ
(d) ਸਾਰੇ ਚਾਰ

38. ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

**ਕਥਨ I :** ਦਿੱਲੀ ਦੇ ਮੁਕਾਬਲੇ ਸ਼ਿਮਲਾ ਵਿੱਚ ਖਾਣਾ ਪਕਾਉਣ ਵਿੱਚ ਜ਼ਿਆਦਾ ਸਮਾਂ ਲੱਗਦਾ ਹੈ।

**ਕਥਨ II :** ਜਿਵੇਂ-ਜਿਵੇਂ ਉਚਾਈ ਵਧਦੀ ਹੈ ਅਤੇ ਵਾਯੂਮੰਡਲ ਦਾ ਦਬਾਅ ਘਟਦਾ ਹੈ, ਪਾਣੀ ਦਾ ਉਬਾਲ ਬਿੰਦੂ ਘੱਟਦਾ ਜਾਂਦਾ ਹੈ।

ਉਪਰੋਕਤ ਕਥਨਾਂ ਦੇ ਸੰਬੰਧ ਵਿੱਚ ਹੇਠ ਲਿਖਿਆਂ ਵਿੱਚੋਂ ਕਿਹੜਾ ਵਿਕਲਪ ਸਹੀ ਹੈ ?

(a) ਕਥਨ I ਅਤੇ ਕਥਨ II ਦੋਵੇਂ ਸਹੀ ਹਨ ਅਤੇ ਕਥਨ II, ਕਥਨ I ਦੀ ਸਹੀ ਵਿਆਖਿਆ ਹੈ।

(b) ਕਥਨ I ਅਤੇ ਕਥਨ II ਦੋਵੇਂ ਸਹੀ ਹਨ, ਪਰ ਕਥਨ II, ਕਥਨ I ਦੀ ਸਹੀ ਵਿਆਖਿਆ ਨਹੀਂ ਹੈ।

(c) ਕਥਨ I ਸਹੀ ਹੈ, ਪਰ ਕਥਨ II ਗ਼ਲਤ ਹੈ।

(d) ਕਥਨ I ਅਤੇ ਕਥਨ II ਦੋਵੇਂ ਗ਼ਲਤ ਹਨ।

**39.** Two types of measuring devices — the beam balance and the spring balance — are commonly used in shops. If we take them to the Moon, which of the following will give the same reading for a given object as it does on the Earth ?

(a) Only the beam balance

(b) Only the spring balance

(c) Both the balances

(d) Neither of the two balances

**40.** Consider the following :

1. Torches
2. Vehicle headlights
3. Rear-view wing mirrors in vehicles
4. Shaving mirrors

In which of the above are concave mirrors used ?

(a) 1, 2 and 3 only
(b) 1 and 2 only
(c) 1, 2 and 4 only
(d) 3 and 4 only

**41.** Which of the following products are obtained by anaerobic respiration in plants ?

1. Lactic acid
2. Carbon dioxide
3. Water
4. Ethanol

Choose the correct option :

(a) 1, 2 and 3 only
(b) 2 and 4 only
(c) 2, 3 and 4 only
(d) 1 and 2 only

**42.** All the following vaccines are examples of attenuated or inactivated whole pathogen vaccines, except :

(a) Rabies vaccine
(b) Tetanus vaccine
(c) Oral polio vaccine (OPV)
(d) Hepatitis A vaccine

39. ਦੋ ਤਰ੍ਹਾਂ ਦੇ ਮਾਪਣ ਵਾਲੇ ਯੰਤਰ — ਬੀਮ ਬੈਲੇਂਸ (Beam Balance) ਅਤੇ ਸਪਰਿੰਗ ਬੈਲੇਂਸ (Spring Balance) — ਆਮ ਤੌਰ 'ਤੇ ਦੁਕਾਨਾਂ ਵਿੱਚ ਵਰਤੇ ਜਾਂਦੇ ਹਨ। ਜੇਕਰ ਅਸੀਂ ਉਨ੍ਹਾਂ ਨੂੰ ਚੰਦਰਮਾ 'ਤੇ ਲੈ ਜਾਂਦੇ ਹਾਂ, ਤਾਂ ਇਹਨਾਂ ਵਿੱਚੋਂ ਕਿਹੜਾ/ਕਿਹੜੇ ਕਿਸੀ ਦਿੱਤੀ ਗਈ ਵਸਤੂ ਲਈ ਉਹੀ ਰੀਡਿੰਗ ਦੇਵੇਗਾ/ਦੇਣਗੇ ਜੋ ਇਹ ਧਰਤੀ 'ਤੇ ਦਿੰਦਾ ਹੈ/ਦਿੰਦੇ ਹਨ ?

(a) ਸਿਰਫ਼ ਬੀਮ ਬੈਲੇਂਸ (Beam balance)

(b) ਸਿਰਫ਼ ਸਪਰਿੰਗ ਬੈਲੇਂਸ (Spring balance)

(c) ਦੋਵੇਂ ਬੈਲੇਂਸ (Both the balances)

(d) ਦੋਵਾਂ ਬੈਲੈਂਸਾਂ ਵਿੱਚੋਂ ਕੋਈ ਵੀ ਨਹੀਂ (Neither of the two balances)

40. ਹੇਠ ਲਿਖਿਆਂ 'ਤੇ ਵਿਚਾਰ ਕਰੋ :

1. ਟਾਰਚ
2. ਵਾਹਨ ਦੀਆਂ ਹੈੱਡਲਾਈਟਾਂ
3. ਵਾਹਨਾਂ ਵਿੱਚ ਪਿੱਛੇ ਦੇਖਣ ਵਾਲੇ ਸ਼ੀਸ਼ੇ (Rear-View Mirror)
4. ਸ਼ੇਵਿੰਗ ਸ਼ੀਸ਼ੇ (Shaving Mirror)

ਉਪਰੋਕਤ ਵਿੱਚੋਂ ਕਿਸ ਵਿੱਚ ਅਵਤਲ ਸ਼ੀਸ਼ੇ (Concave Mirrors) ਵਰਤੇ ਜਾਂਦੇ ਹਨ ?

(a) ਸਿਰਫ਼ 1, 2 ਅਤੇ 3 (b) ਸਿਰਫ਼ 1 ਅਤੇ 2

(c) ਸਿਰਫ਼ 1, 2 ਅਤੇ 4 (d) ਸਿਰਫ਼ 3 ਅਤੇ 4

41. ਪੌਦਿਆਂ ਵਿੱਚ ਐਨਾਇਰੋਬਿਕ ਰੈੱਸਪੀਰੇਸ਼ਨ (Anaerobic Respiration) ਰਾਹੀ ਹੇਠ ਲਿਖਿਆਂ ਵਿੱਚੋਂ ਕਿਹੜੇ ਉਤਪਾਦ ਪ੍ਰਾਪਤ ਕੀਤੇ ਜਾਂਦੇ ਹਨ ?

1. ਲੈਕਟਿਕ ਐਸਿਡ
2. ਕਾਰਬਨ ਡਾਈਆਕਸਾਈਡ
3. ਪਾਣੀ
4. ਈਥਾਨੌਲ

ਸਹੀ ਵਿਕਲਪ ਚੁਣੋ :

(a) ਸਿਰਫ਼ 1, 2 ਅਤੇ 3 (b) ਸਿਰਫ਼ 2 ਅਤੇ 4

(c) ਸਿਰਫ਼ 2, 3 ਅਤੇ 4 (d) ਸਿਰਫ਼ 1 ਅਤੇ 2

42. ਹੇਠਾਂ ਦਿੱਤੇ ਸਾਰੇ ਟੀਕੇ ਅੱਟੇਨੁਏਟੇਡ (Attenuated) ਜਾਂ ਅਕਿਰਿਆਸ਼ੀਲ ਪੂਰੇ ਰੋਗਾਣੂ (Inactivated Whole Pathogen) ਟੀਕਿਆਂ ਦੀਆਂ ਉਦਾਹਰਣਾਂ ਹਨ, ਸਿਵਾਏ :

(a) ਰੇਬੀਜ਼ ਟੀਕਾ (b) ਟੈਟਨਸ ਟੀਕਾ

(c) ਓਰਲ ਪੋਲੀਓ ਟੀਕਾ (OPV) (d) ਹੈਪੇਟਾਈਟਸ A ਟੀਕਾ

**43.** When a wave passes from one medium to another, which of the following change ?

1. Velocity
2. Amplitude
3. Frequency
4. Wavelength

Choose the correct option :

(a) 1 and 4 only
(b) 1, 2, 3 and 4
(c) 1 and 3 only
(d) 1, 2 and 4 only

**44.** Consider the following types of solids :

1. Molecular solids
2. Ionic solids
3. Covalent network solids
4. Metallic solids

How many of the above types of solids exhibit electrical conductivity, malleability and ductility ?

(a) Only one
(b) Only two
(c) Only three
(d) All four

**45.** Consider the following statements :

1. A URL is a web address and its full form is Universal Resource Locator.
2. A cookie stores information about the user's web activities such as login sessions, preferences and passwords.

Which of the statements given above is/are correct ?

(a) 1 only
(b) 2 only
(c) Both 1 and 2
(d) Neither 1 nor 2

**46.** Which one of the following statements is correct regarding lithium and alkaline batteries ?

(a) Lithium and alkaline batteries are both generally rechargeable.
(b) Alkaline batteries exhibit a gradual decrease in voltage output over time.
(c) Lithium batteries have a lower energy density compared to alkaline batteries.
(d) Lithium batteries do not maintain a consistent voltage output over time.

43. ਜਦੋਂ ਇੱਕ ਲਹਿਰ ਇੱਕ ਮਾਧਿਅਮ ਤੋਂ ਦੂਜੇ ਮਾਧਿਅਮ ਵਿੱਚ ਜਾਂਦੀ ਹੈ, ਤਾਂ ਹੇਠ ਦਿਤਿਆਂ ਵਿੱਚੋਂ ਕਿਹੜੇ ਬਦਲਦੇ ਹਨ ?

1. ਵੇਗ (Velocity)
2. ਐਪਲੀਟਿਊਡ (Amplitude)
3. ਬਾਰੰਬਾਰਤਾ (Frequency)
4. ਤਰੰਗ ਲੰਬਾਈ (Wavelength)

ਸਹੀ ਵਿਕਲਪ ਚੁਣੋ :

(a) ਸਿਰਫ਼ 1 ਅਤੇ 4
(b) 1, 2, 3 ਅਤੇ 4
(c) ਸਿਰਫ਼ 1 ਅਤੇ 3
(d) ਸਿਰਫ਼ 1, 2 ਅਤੇ 4

44. ਹੇਠ ਲਿਖੀਆਂ ਕਿਸਮਾਂ ਦੇ ਠੋਸ ਪਦਾਰਥਾਂ 'ਤੇ ਵਿਚਾਰ ਕਰੋ :

1. ਅਣੂ ਠੋਸ ਪਦਾਰਥ (Molecular Solids)
2. ਆਇਓਨਿਕ ਠੋਸ ਪਦਾਰਥ (Ionic Solids)
3. ਸਹਿ-ਸੰਯੋਜਕ ਨੈੱਟਵਰਕ ਠੋਸ ਪਦਾਰਥ (Covalent Network Solids)
4. ਧਾਤੂ ਠੋਸ ਪਦਾਰਥ (Metallic Solids)

ਉਪਰੋਕਤ ਕਿਸਮਾਂ ਵਿੱਚੋਂ ਕਿੰਨੇ ਕਿਸਮ ਦੇ ਠੋਸ ਪਦਾਰਥ ਇਲੈਕਟ੍ਰੀਕਲ ਕੰਡਕਟਿਵਿਟੀ (Electrical Conductivity), ਮੈਲਿਏਬਿਲਿਟੀ (Malleability) ਅਤੇ ਡਕਟਿਲਿਟੀ (Ductility) ਪ੍ਰਦਰਸ਼ਿਤ ਕਰਦੇ ਹਨ ?

(a) ਸਿਰਫ਼ ਇੱਕ
(b) ਸਿਰਫ਼ ਦੋ
(c) ਸਿਰਫ਼ ਤਿੰਨ
(d) ਸਾਰੇ ਚਾਰ

45. ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਇੱਕ URL ਇੱਕ ਵੈੱਬ ਪਤਾ (web address) ਹੈ ਅਤੇ ਇਸਦਾ ਪੂਰਾ ਰੂਪ ਯੂਨੀਵਰਸਲ ਰਿਸੋਰਸ ਲੋਕੇਟਰ (Universal Resource Locator) ਹੈ।
2. ਇੱਕ ਕੂਕੀ (Cookie) ਉਪਭੋਗਤਾ ਦੀਆਂ ਵੈੱਬ ਗਤੀਵਿਧੀਆਂ ਜਿਵੇਂ ਕਿ ਲੌਗਇਨ ਸੈਸ਼ਨ, ਤਰਜੀਹਾਂ (preferences) ਅਤੇ ਪਾਸਵਰਡ ਬਾਰੇ ਜਾਣਕਾਰੀ ਸਟੋਰ ਕਰਦੀ ਹੈ।

ਉੱਪਰ ਦਿੱਤੇ ਗਏ ਕਥਨਾਂ ਵਿੱਚੋਂ ਕਿਹੜਾ/ਕਿਹੜੇ ਸਹੀ ਹੈ/ਹਨ ?

(a) ਸਿਰਫ਼ 1
(b) ਸਿਰਫ਼ 2
(c) ਦੋਵੇਂ 1 ਅਤੇ 2
(d) ਨਾ ਤਾਂ 1 ਅਤੇ ਨਾ ਹੀ 2

46. ਹੇਠ ਲਿਖੇ ਕਥਨਾਂ ਵਿੱਚੋਂ ਕਿਹੜਾ ਲਿਥੀਅਮ ਅਤੇ ਅਲਕਲਾਈਨ ਬੈਟਰੀਆਂ ਦੇ ਸੰਬੰਧ ਵਿੱਚ ਸਹੀ ਹੈ ?

(a) ਲਿਥੀਅਮ ਅਤੇ ਅਲਕਲਾਈਨ ਬੈਟਰੀਆਂ ਦੋਵੇਂ ਆਮ ਤੌਰ 'ਤੇ ਰੀਚਾਰਜ ਹੋਣ ਯੋਗ ਹੁੰਦੀਆਂ ਹਨ।
(b) ਅਲਕਲਾਈਨ ਬੈਟਰੀਆਂ ਸਮੇਂ ਦੇ ਨਾਲ ਵੋਲਟੇਜ ਆਉਟਪੁੱਟ ਵਿੱਚ ਹੌਲੀ ਹੌਲੀ ਕਮੀ ਪ੍ਰਦਰਸ਼ਿਤ ਕਰਦੀਆਂ ਹਨ।
(c) ਅਲਕਲਾਈਨ ਬੈਟਰੀਆਂ ਦੇ ਮੁਕਾਬਲੇ ਲਿਥੀਅਮ ਬੈਟਰੀਆਂ ਵਿੱਚ ਘੱਟ ਊਰਜਾ ਘਣਤਾ ਹੁੰਦੀ ਹੈ।
(d) ਲਿਥੀਅਮ ਬੈਟਰੀਆਂ ਸਮੇਂ ਦੇ ਨਾਲ ਇੱਕਸਾਰ ਵੋਲਟੇਜ ਆਉਟਪੁੱਟ ਨਹੀਂ ਬਣਾਈ ਰੱਖਦੀਆਂ ਹਨ।

**47.** In the Indian context, consider the following statements regarding marriage :

1. Under the Uniform Civil Code implemented in Uttarakhand, the minimum age of marriage for girls has been raised from 18 to 21 years.
2. The subject of marriage is included in the State List of the Seventh Schedule to the Constitution of India.

Which of the statements given above is/are correct ?

(a) 1 only (b) 2 only

(c) Both 1 and 2 (d) Neither 1 nor 2

**48.** Consider the following statements regarding the Chandrayaan-4 Mission :

1. The mission aims to demonstrate major technologies required not only for docking, undocking, and landing on the Moon, but also for safely returning to Earth and for collecting and analysing lunar samples.
2. It is a crucial step towards establishing India's capabilities for a human mission to the Moon, targeted for the year 2045.
3. The total fund requirement for the technology demonstration under the mission is approximately ₹ 10,000 crore.

How many of the statements given above is/are correct ?

(a) Only one (b) Only two

(c) All three (d) None of the above

**49.** Which of the following statements best describes the 'Dragon Drones' recently seen in news ?

(a) They are autonomous drones designed for precision cargo delivery.

(b) They are surveillance drones developed for monitoring nuclear facilities.

(c) They are combat drones capable of dispensing molten thermite, an incendiary mixture of aluminium and iron oxide, onto enemy targets.

(d) They are lightweight drones used for aerial cinematography, including filming of social ceremonies.

**50.** Consider the following statements :

1. Kozhikode is the first city in India to be designated a 'City of Literature' by UNESCO under its Creative Cities Network.
2. The UNESCO Creative Cities Network supports the Sustainable Development Goal 11.

Which of the above statements is/are ***incorrect*** ?

(a) 1 only (b) 2 only

(c) Both 1 and 2 (d) Neither 1 nor 2

47. ਵਿਆਹ ਸੰਬੰਧੀ ਹੇਠ ਲਿਖੇ ਕਥਨਾਂ 'ਤੇ ਭਾਰਤੀ ਸੰਦਰਭ ਵਿੱਚ ਵਿਚਾਰ ਕਰੋ :

1. ਉਤਰਾਖੰਡ ਵਿੱਚ ਲਾਗੂ ਕੀਤੇ ਗਏ ਇਕਸਾਰ (Uniform) ਸਿਵਲ ਕੋਡ ਦੇ ਤਹਿਤ, ਕੁੜੀਆਂ ਲਈ ਵਿਆਹ ਦੀ ਘੱਟੋ-ਘੱਟ ਉਮਰ 18 ਤੋਂ ਵਧਾ ਕੇ 21 ਸਾਲ ਕਰ ਦਿੱਤੀ ਗਈ ਹੈ।
2. ਵਿਆਹ ਦਾ ਵਿਸ਼ਾ ਭਾਰਤੀ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਰਾਜ ਸੂਚੀ ਵਿੱਚ ਸ਼ਾਮਲ ਹੈ।

ਉਪਰੋਕਤ ਵਿੱਚੋਂ ਕਿਹੜਾ/ਕਿਹੜੇ ਕਥਨ ਸਹੀ ਹੈ/ਹਨ ?

(a) ਸਿਰਫ਼ 1
(b) ਸਿਰਫ਼ 2
(c) ਦੋਵੇਂ 1 ਅਤੇ 2
(d) ਨਾ ਤਾਂ 1 ਅਤੇ ਨਾ ਹੀ 2

48. ਚੰਦਰਯਾਨ-4 ਮਿਸ਼ਨ ਸੰਬੰਧੀ ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਮਿਸ਼ਨ ਦਾ ਉਦੇਸ਼ ਉਨ੍ਹਾਂ ਪ੍ਰਮੁੱਖ ਤਕਨਾਲੋਜੀਆਂ ਦਾ ਪ੍ਰਦਰਸ਼ਨ ਕਰਨਾ ਹੈ ਜਿਹੜੀਆਂ ਨਾ ਸਿਰਫ਼ ਡੌਕਿੰਗ, ਅਨਡੌਕਿੰਗ ਅਤੇ ਚੰਦਰਮਾ 'ਤੇ ਉਤਰਨ ਲਈ, ਸਗੋਂ ਧਰਤੀ 'ਤੇ ਸੁਰੱਖਿਅਤ ਢੰਗ ਨਾਲ ਵਾਪਸ ਆਉਣ ਅਤੇ ਚੰਦਰਮਾ ਤੋਂ ਨਮੂਨਿਆਂ ਨੂੰ ਇਕੱਠਾ ਅਤੇ ਵਿਸ਼ਲੇਸ਼ਣ ਕਰਨ ਲਈ ਲੋੜੀਂਦੀਆਂ ਹਨ।
2. ਇਹ ਸਾਲ 2045 ਲਈ, ਚੰਦਰਮਾ 'ਤੇ ਮਨੁੱਖੀ ਮਿਸ਼ਨ ਲਈ ਭਾਰਤ ਦੀਆਂ ਸਮਰੱਥਾਵਾਂ ਨੂੰ ਸਥਾਪਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ।
3. ਇਸ ਮਿਸ਼ਨ ਦੇ ਤਹਿਤ ਤਕਨਾਲੋਜੀ ਪ੍ਰਦਰਸ਼ਨ ਲਈ ਕੁੱਲ ਫੰਡ ਲਗਭਗ 10,000 ਕਰੋੜ ਰੁਪਏ ਲੋੜੀਂਦਾ ਹੈ।

ਉੱਪਰ ਦਿੱਤੇ ਗਏ ਕਿੰਨੇ ਕਥਨ ਸਹੀ ਹੈ/ਹਨ ?

(a) ਸਿਰਫ਼ ਇੱਕ
(b) ਸਿਰਫ਼ ਦੋ
(c) ਸਾਰੇ ਤਿੰਨ
(d) ਉਪਰੋਕਤ ਵਿੱਚੋਂ ਕੋਈ ਨਹੀਂ

49. ਹੇਠਾਂ ਲਿਖਿਆਂ ਵਿੱਚੋਂ ਕਿਹੜਾ ਕਥਨ ਹਾਲ ਹੀ ਵਿੱਚ ਖ਼ਬਰਾਂ ਵਿੱਚ ਦੇਖੇ ਗਏ 'ਡਰੈਗਨ ਡਰੋਨ' ਦਾ ਸਭ ਤੋਂ ਵਧੀਆ ਵਰਣਨ ਕਰਦਾ ਹੈ ?

(a) ਇਹ ਸਟੀਕ ਕਾਰਗੋ ਡਿਲੀਵਰੀ ਲਈ ਤਿਆਰ ਕੀਤੇ ਗਏ ਖੁਦਮੁਖਤਿਆਰ ਡਰੋਨ ਹਨ।
(b) ਇਹ ਪ੍ਰਮਾਣੂ ਸਹੂਲਤਾਂ 'ਤੇ ਨਜ਼ਰਸਾਨੀ ਲਈ ਵਿਕਸਤ ਕੀਤੇ ਗਏ ਨਿਗਰਾਨੀ ਡਰੋਨ ਹਨ।
(c) ਇਹ ਲੜਾਕੂ ਡਰੋਨ ਹਨ ਜੋ ਪਿਘਲੇ ਹੋਏ ਥਰਮਾਈਟ, ਐਲੂਮੀਨੀਅਮ ਅਤੇ ਆਇਰਨ ਆਕਸਾਈਡ ਦੇ ਇੱਕ ਅੱਗ ਲਗਾਉਣ ਵਾਲੇ ਮਿਸ਼ਰਣ ਨੂੰ ਦੁਸ਼ਮਣ ਦੇ ਨਿਸ਼ਾਨਿਆਂ 'ਤੇ ਛੱਡਣ ਦੇ ਸਮਰੱਥ ਹਨ।
(d) ਇਹ ਹਲਕੇ ਭਾਰ ਵਾਲੇ ਡਰੋਨ ਹਨ ਜੋ ਹਵਾਈ ਸਿਨੇਮੈਟੋਗ੍ਰਾਫੀ ਲਈ ਵਰਤੇ ਜਾਂਦੇ ਹਨ, ਜਿਸ ਵਿੱਚ ਸਮਾਜਿਕ ਸਮਾਰੋਹਾਂ ਦੀ ਫ਼ਿਲਮਸਾਜ਼ੀ ਵੀ ਸ਼ਾਮਲ ਹੈ।

50. ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਕੋਜ਼ੀਕੋਡ (Kozhikode) ਭਾਰਤ ਦਾ ਪਹਿਲਾ ਸ਼ਹਿਰ ਹੈ ਜਿਸਨੂੰ ਯੂਨੈਸਕੋ ਦੁਆਰਾ ਆਪਣੇ ਸਿਰਜਣਾਤਮਕ ਸ਼ਹਿਰਾਂ ਦੇ ਨੈੱਟਵਰਕ ਤਹਿਤ 'ਸਾਹਿਤ ਦਾ ਸ਼ਹਿਰ' ਨਾਮਜ਼ਦ ਕੀਤਾ ਗਿਆ ਹੈ।
2. ਯੂਨੈਸਕੋ ਸਿਰਜਣਾਤਮਕ ਸ਼ਹਿਰਾਂ ਦਾ ਨੈੱਟਵਰਕ ਟਿਕਾਊ ਵਿਕਾਸ ਟੀਚਾ 11 ਦਾ ਸਮਰਥਨ ਕਰਦਾ ਹੈ।

ਉਪਰੋਕਤ ਵਿੱਚੋਂ ਕਿਹੜਾ/ਕਿਹੜੇ ਕਥਨ ***ਗਲਤ*** ਹੈ/ਹਨ ?

(a) ਸਿਰਫ਼ 1
(b) ਸਿਰਫ਼ 2
(c) ਦੋਵੇਂ 1 ਅਤੇ 2
(d) ਨਾ ਤਾਂ 1 ਅਤੇ ਨਾ ਹੀ 2

**51.** Consider the following statements :

1. Nafithromycin is India's first indigenously developed antibiotic aimed at tackling Antimicrobial Resistance (AMR).
2. It has been developed by Wockhardt with support from BIRAC and is marketed under the trade name "Miqnaf".
3. It is intended for the treatment of Community-Acquired Bacterial Pneumonia (CABP).

How many of the statements given above is/are correct ?

(a) Only one (b) Only two

(c) All three (d) None of the above

**52.** Consider the following languages :

1. Assamese
2. Pali
3. Gujarati
4. Marathi
5. Odia

How many of the above languages have been declared as 'Classical Languages' by the Government of India ?

(a) Only two (b) Only three

(c) Only four (d) All five

**53.** Consider the following statements regarding the Union Budget Estimates for 2025-26 :

1. The fiscal deficit is estimated to be 4.9% of the GDP.
2. The total expenditure is estimated at ₹ 50.65 lakh crore.
3. An allocation of about ₹ 2 lakh crore has been made for the Pradhan Mantri Garib Kalyan Anna Yojana (PMGKAY).

Which of the statements given above are correct ?

(a) 1 and 2 only (b) 1 and 3 only

(c) 2 and 3 only (d) 1, 2 and 3

**54.** Which of the following apps has been launched by the Reserve Bank of India (RBI) to enable retail investors to directly participate in the Government Securities (G-Sec) market ?

(a) RBIDATA (b) RBI DigiSec

(c) RBI MANI (d) RBI Retail Direct

51. ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਨੈਫਿਥਰੋਮਾਈਸਿਨ ਭਾਰਤ ਦਾ ਪਹਿਲੀ ਸਵਦੇਸ਼ੀ ਤੌਰ 'ਤੇ ਵਿਕਸਤ ਐਂਟੀਬਾਇਓਟਿਕ ਹੈ ਜਿਸਦਾ ਉਦੇਸ਼ ਐਂਟੀਮਾਈਕ੍ਰੋਬੀਅਲ ਪ੍ਰਤੀਰੋਧ (AMR) ਨਾਲ ਨਜਿੱਠਣਾ ਹੈ।

2. ਇਸਨੂੰ ਵੋਕਹਾਰਟ (Wockhardt) ਦੁਆਰਾ BIRAC ਦੇ ਸਮਰਥਨ ਨਾਲ ਵਿਕਸਤ ਕੀਤਾ ਗਿਆ ਹੈ ਅਤੇ "ਮਿਕਨਾਫ"(Miqnaf) ਵਪਾਰਕ ਨਾਮ ਹੇਠ ਮਾਰਕੀਟ ਕੀਤਾ ਜਾਂਦਾ ਹੈ।

3. ਇਹ ਕਮਿਊਨਿਟੀ ਐਕਵਾਇਰਡ ਬੈਕਟੀਰੀਅਲ ਨਿਮੋਨੀਆ (CABP) ਦੇ ਇਲਾਜ ਲਈ ਹੈ।

ਉਪਰੋਕਤ ਦਿੱਤੇ ਗਏ ਕਿੰਨੇ ਕਥਨ ਸਹੀ ਹੈ/ਹਨ ?

(a) ਸਿਰਫ਼ ਇੱਕ
(b) ਸਿਰਫ਼ ਦੋ
(c) ਸਾਰੇ ਤਿੰਨ
(d) ਉਪਰੋਕਤ ਵਿੱਚੋਂ ਕੋਈ ਨਹੀਂ

52. ਹੇਠ ਲਿਖੀਆਂ ਭਾਸ਼ਾਵਾਂ 'ਤੇ ਵਿਚਾਰ ਕਰੋ :

1. ਅਸਾਮੀ
2. ਪਾਲੀ
3. ਗੁਜਰਾਤੀ
4. ਮਰਾਠੀ
5. ਉੜੀਆ

ਭਾਰਤ ਸਰਕਾਰ ਦੁਆਰਾ ਉਪਰੋਕਤ ਕਿੰਨੀਆਂ ਭਾਸ਼ਾਵਾਂ ਨੂੰ 'ਕਲਾਸੀਕਲ ਭਾਸ਼ਾਵਾਂ' ਐਲਾਨਿਆ ਗਿਆ ਹੈ ?

(a) ਸਿਰਫ਼ ਦੋ
(b) ਸਿਰਫ਼ ਤਿੰਨ
(c) ਸਿਰਫ਼ ਚਾਰ
(d) ਸਾਰੇ ਪੰਜ

53. 2025-26 ਲਈ ਕੇਂਦਰੀ ਬਜਟ ਅਨੁਮਾਨਾਂ ਸੰਬੰਧੀ ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਵਿੱਤੀ ਘਾਟਾ GDP ਦਾ 4.9% ਹੋਣ ਦਾ ਅਨੁਮਾਨ ਹੈ।

2. ਕੁੱਲ ਖਰਚ 50.65 ਲੱਖ ਕਰੋੜ ਰੁਪਏ ਹੋਣ ਦਾ ਅਨੁਮਾਨ ਹੈ।

3. ਪ੍ਰਧਾਨ ਮੰਤਰੀ ਗ਼ਰੀਬ ਕਲਿਆਣ ਅੰਨ ਯੋਜਨਾ (PMGKAY) ਲਈ ਲਗਭਗ 2 ਲੱਖ ਕਰੋੜ ਰੁਪਏ ਅਲਾਟ ਕੀਤੇ ਗਏ ਹਨ।

ਉਪਰੋਕਤ ਦਿੱਤੇ ਗਏ ਬਿਆਨਾਂ ਵਿੱਚੋਂ ਕਿਹੜੇ ਸਹੀ ਹਨ ?

(a) ਸਿਰਫ਼ 1 ਅਤੇ 2
(b) ਸਿਰਫ਼ 1 ਅਤੇ 3
(c) ਸਿਰਫ਼ 2 ਅਤੇ 3
(d) 1, 2 ਅਤੇ 3

54. ਭਾਰਤੀ ਰਿਜ਼ਰਵ ਬੈਂਕ (RBI) ਦੁਆਰਾ ਪ੍ਰਚੂਨ ਨਿਵੇਸ਼ਕਾਂ ਨੂੰ ਸਰਕਾਰੀ ਪ੍ਰਤੀਭੂਤੀਆਂ (G-Sec) ਬਾਜ਼ਾਰ ਵਿੱਚ ਸਿੱਧੇ ਤੌਰ 'ਤੇ ਹਿੱਸਾ ਲੈਣ ਦੇ ਯੋਗ ਬਣਾਉਣ ਲਈ ਹੇਠ ਲਿਖਿਆਂ ਵਿੱਚੋਂ ਕਿਹੜਾ ਐਪ ਲਾਂਚ ਕੀਤਾ ਗਿਆ ਹੈ ?

(a) RBIDATA
(b) RBI DigiSec
(c) RBI MANI
(d) RBI Retail Direct

**55.** Consider the following statements regarding the Hurun Global Unicorn Index, 2024 :

1. India ranked third in the global unicorn count.
2. India's Zomato features among the top-20 most valuable unicorns in the world.
3. Indian founders have created more offshore unicorns than any other country.

Which of the statements given above are correct ?

(a) 1 and 2 only (b) 1 and 3 only

(c) 2 and 3 only (d) 1, 2 and 3

**56.** For the Assertion (A) and Reason (R) given below, choose the correct alternative from the following :

**Assertion (A) :** The Ministry of Electronics and Information Technology recently launched BharatGen as a pioneering initiative in generative Artificial Intelligence (AI).

**Reason (R) :** By developing AI technologies within India, BharatGen aims not only to reduce reliance on foreign technologies but also to create efficient and inclusive AI solutions in various Indian languages.

(a) Both A and R are true and R is the correct explanation of A.

(b) Both A and R are true, but R is not the correct explanation of A.

(c) A is true, but R is false.

(d) A is false, but R is true.

**57.** Consider the following statements about 'Zorawar' :

1. It is an advanced 25-tonne light tank.
2. It is jointly developed by DRDO and Larsen & Toubro.
3. It is designed to operate in high-altitude regions such as Ladakh and the Northeast.
4. It can be transported by road, rail, ship and aircraft.

Which of the statements given above are correct ?

(a) 1, 2 and 3 only (b) 1, 3 and 4 only

(c) 2, 3 and 4 only (d) 1, 2, 3 and 4

**58.** Gambusia Affinis and Poecilia Reticulata, recently seen in the news, are species of which of the following ?

(a) Birds (b) Insects

(c) Reptiles (d) Fish

**55.** ਹੁਰੁਨ ਗਲੋਬਲ ਯੂਨੀਕੋਰਨ ਇੰਡੈਕਸ, 2024 ਸੰਬੰਧੀ ਹੇਠ ਲਿਖੇ ਬਿਆਨਾਂ 'ਤੇ ਵਿਚਾਰ ਕਰੋ :

1. ਭਾਰਤ ਗਲੋਬਲ ਯੂਨੀਕੋਰਨ ਦਰਜਾਬੰਦੀ ਵਿੱਚ ਤੀਜੇ ਸਥਾਨ 'ਤੇ ਹੈ।
2. ਭਾਰਤ ਦਾ ਜ਼ੋਮੈਟੋ ਦੁਨੀਆ ਦੇ ਚੋਟੀ ਦੇ 20 ਸਭ ਤੋਂ ਕੀਮਤੀ ਯੂਨੀਕੋਰਨਾਂ ਵਿੱਚੋਂ ਇੱਕ ਹੈ।
3. ਭਾਰਤੀ ਸੰਸਥਾਪਕਾਂ ਨੇ ਕਿਸੇ ਵੀ ਹੋਰ ਦੇਸ਼ ਨਾਲੋਂ ਜ਼ਿਆਦਾ ਆਫਸ਼ੋਰ ਯੂਨੀਕੋਰਨ ਬਣਾਏ ਹਨ।

ਉੱਪਰ ਦਿੱਤੇ ਗਏ ਕਥਨਾਂ ਵਿੱਚੋਂ ਕਿਹੜੇ ਸਹੀ ਹਨ ?

(a) ਸਿਰਫ਼ 1 ਅਤੇ 2
(b) ਸਿਰਫ਼ 1 ਅਤੇ 3
(c) ਸਿਰਫ਼ 2 ਅਤੇ 3
(d) 1, 2 ਅਤੇ 3

**56.** ਹੇਠਾਂ ਦਿੱਤੇ ਗਏ ਦਾਅਵੇ (A) ਅਤੇ ਕਾਰਨ (R) ਲਈ, ਹੇਠ ਲਿਖਿਆਂ ਵਿੱਚੋਂ ਸਹੀ ਵਿਕਲਪ ਚੁਣੋ :

**ਦਾਅਵਾ (A) :** ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਨੇ ਹਾਲ ਹੀ ਵਿੱਚ BharatGen ਨੂੰ ਜਨਰੇਟਿਵ ਆਰਟੀਫੀਸ਼ੀਅਲ ਇੰਟੈਲੀਜੈਂਸ (AI) ਵਿੱਚ ਇੱਕ ਮੋਹਰੀ ਪਹਿਲਕਦਮੀ ਵਜੋਂ ਲਾਂਚ ਕੀਤਾ ਹੈ।

**ਕਾਰਨ (R) :** ਭਾਰਤ ਅੰਦਰ AI ਤਕਨਾਲੋਜੀਆਂ ਵਿਕਸਤ ਕਰਕੇ, BharatGen ਦਾ ਉਦੇਸ਼ ਨਾ ਸਿਰਫ਼ ਵਿਦੇਸ਼ੀ ਤਕਨਾਲੋਜੀਆਂ 'ਤੇ ਨਿਰਭਰਤਾ ਘਟਾਉਣਾ ਹੈ, ਸਗੋਂ ਵੱਖ-ਵੱਖ ਭਾਰਤੀ ਭਾਸ਼ਾਵਾਂ ਵਿੱਚ ਕੁਸ਼ਲ ਅਤੇ ਸਮਾਵੇਸ਼ੀ AI ਸਮਾਧਾਨ ਵੀ ਤਿਆਰ ਕਰਨਾ ਹੈ।

(a) A ਅਤੇ R ਦੋਵੇਂ ਸਹੀ ਹਨ ਅਤੇ R, A ਦੀ ਸਹੀ ਵਿਆਖਿਆ ਹੈ।
(b) A ਅਤੇ R ਦੋਵੇਂ ਸਹੀ ਹਨ, ਪਰ R, A ਦੀ ਸਹੀ ਵਿਆਖਿਆ ਨਹੀਂ ਹੈ।
(c) A ਸਹੀ ਹੈ, ਪਰ R ਗ਼ਲਤ ਹੈ।
(d) A ਗ਼ਲਤ ਹੈ, ਪਰ R ਸਹੀ ਹੈ।

**57.** 'ਜ਼ੋਰਾਵਰ' ਬਾਰੇ ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਇਹ ਇੱਕ ਉੱਨਤ 25-ਟਨ ਲਾਈਟ ਟੈਂਕ ਹੈ।
2. ਇਸਨੂੰ DRDO ਅਤੇ ਲਾਰਸਨ ਐਂਡ ਟੂਬਰੋ ਦੁਆਰਾ ਸਾਂਝੇ ਤੌਰ 'ਤੇ ਵਿਕਸਤ ਕੀਤਾ ਗਿਆ ਹੈ।
3. ਇਸਨੂੰ ਉੱਚ-ਉਚਾਈ ਵਾਲੇ ਜਿਵੇਂ ਕਿ ਲੱਦਾਖ ਅਤੇ ਉੱਤਰ-ਪੂਰਬ ਵਰਗੇ ਖੇਤਰਾਂ ਵਿੱਚ ਕੰਮ ਕਰਨ ਲਈ ਤਿਆਰ ਕੀਤਾ ਗਿਆ ਹੈ।
4. ਇਸਨੂੰ ਸੜਕ, ਰੇਲ, ਸਮੁੰਦਰੀ ਜਹਾਜ਼ ਅਤੇ ਹਵਾਈ ਜਹਾਜ਼ ਦੁਆਰਾ ਲਿਜਾਇਆ ਜਾ ਸਕਦਾ ਹੈ।

ਉੱਪਰ ਦਿੱਤੇ ਗਏ ਕਿਹੜੇ ਕਥਨ ਸਹੀ ਹਨ ?

(a) ਸਿਰਫ਼ 1, 2 ਅਤੇ 3
(b) ਸਿਰਫ਼ 1, 3 ਅਤੇ 4
(c) ਸਿਰਫ਼ 2, 3 ਅਤੇ 4
(d) 1, 2, 3 ਅਤੇ 4

**58.** ਗੈਂਬੂਸੀਆ ਐਫਿਨਿਸ (Gambusia Affinis) ਅਤੇ ਪੋਸੀਲੀਆ ਰੇਟੀਕੁਲਾਟਾ (Poecilia Reticulata), ਜੋ ਹਾਲ ਹੀ ਵਿੱਚ ਖ਼ਬਰਾਂ ਵਿੱਚ ਰਹੇ ਹਨ, ਹੇਠ ਲਿਖਿਆਂ ਵਿੱਚੋਂ ਕਿਸ ਦੀਆਂ ਕਿਸਮਾਂ ਹਨ ?

(a) ਪੰਛੀ
(b) ਕੀੜੇ-ਮਕੌੜੇ
(c) ਰੀਂਗਣ ਵਾਲੇ ਜੀਵ
(d) ਮੱਛੀਆਂ

**59.** Consider the following statements regarding the Similipal Tiger Reserve :

1. It was recently notified as Odisha's third national park, after Bhitarkanika and Satkosia.
2. It is a part of the UNESCO World Network of Biosphere Reserves.
3. It is the world's only known habitat of wild melanistic tigers.
4. It is the first reserve in India where the TrailGuard AI system has shown success as an anti-poaching tool.

Which of the statements given above are correct ?

(a) 1, 2 and 3 only
(b) 1, 3 and 4 only
(c) 2, 3 and 4 only
(d) 1, 2 and 4 only

**60.** Consider the following statements regarding chess titles and recent developments :

1. The winner of the World Chess Championship is accorded the title of Grandmaster.
2. Once awarded, the title of Grandmaster is generally held for life.
3. Gukesh Dommaraju became the youngest World Chess Champion by defeating Ding Liren of China in the 2024 FIDE World Chess Championship.

How many of the statements given above is/are correct ?

(a) Only one
(b) Only two
(c) All three
(d) None of the above

**61.** With reference to the concept of microfinance in India, consider the following statements :

1. Microfinance focuses exclusively on the provision of microcredit facilities to low-income groups, and excludes insurance and savings.
2. The thrust of the microfinance initiative is to channelize production and consumption credit in multiple doses based on the absorption capacity of the prospective borrower.
3. It has evolved from 'charity-based' to 'thrift-based' and finally to 'trust and creditworthiness model'.
4. India has adopted the concept of microfinance from Bangladesh.

How many of the statements given above is/are correct ?

(a) Only one
(b) Only two
(c) Only three
(d) All four

59. ਸਿਮਲੀਪਾਲ ਟਾਈਗਰ ਰਿਜ਼ਰਵ ਬਾਰੇ ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਇਸਨੂੰ ਹਾਲ ਹੀ ਵਿੱਚ ਭੀਤਰਕਨਿਕਾ ਅਤੇ ਸਤਕੋਸੀਆ ਤੋਂ ਬਾਅਦ ਓਡੀਸ਼ਾ ਦੇ ਤੀਜੇ ਰਾਸ਼ਟਰੀ ਪਾਰਕ ਵਜੋਂ ਨੋਟੀਫਾਈ ਕੀਤਾ ਗਿਆ ਸੀ।
2. ਇਹ ਯੂਨੈਸਕੋ ਵਰਲਡ ਨੈੱਟਵਰਕ ਆਫ਼ ਬਾਇਓਸਫੀਅਰ ਰਿਜ਼ਰਵ ਦਾ ਹਿੱਸਾ ਹੈ।
3. ਇਹ ਜੰਗਲੀ ਮੇਲਾਨਿਸਟਿਕ ਬਾਘਾਂ (Melanistic Tigers) ਦਾ ਦੁਨੀਆ ਦਾ ਇੱਕੋ-ਇੱਕ ਜਾਣਿਆ ਜਾਣ ਵਾਲਾ ਨਿਵਾਸ ਸਥਾਨ ਹੈ।
4. ਇਹ ਭਾਰਤ ਵਿੱਚ ਪਹਿਲਾ ਰਿਜ਼ਰਵ ਹੈ ਜਿੱਥੇ ਟ੍ਰੇਲਗਾਰਡ ਏਆਈ ਸਿਸਟਮ (TrailGuard AI System) ਨੇ ਸ਼ਿਕਾਰ ਵਿਰੋਧੀ ਸੰਦ ਵਜੋਂ ਸਫਲਤਾ ਦਿਖਾਈ ਹੈ।

ਉੱਪਰ ਦਿੱਤੇ ਗਏ ਕਿਹੜੇ ਕਥਨ ਸਹੀ ਹਨ ?

(a) ਸਿਰਫ਼ 1, 2 ਅਤੇ 3
(b) ਸਿਰਫ਼ 1, 3 ਅਤੇ 4
(c) ਸਿਰਫ਼ 2, 3 ਅਤੇ 4
(d) ਸਿਰਫ਼ 1, 2 ਅਤੇ 4

60. ਸ਼ਤਰੰਜ ਦੇ ਖਿਤਾਬਾਂ ਅਤੇ ਹਾਲੀਆ ਘਟਨਾਵਾਂ ਸੰਬੰਧੀ ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਵਿਸ਼ਵ ਸ਼ਤਰੰਜ ਚੈਂਪੀਅਨਸ਼ਿਪ ਦੇ ਜੇਤੂ ਨੂੰ ਗ੍ਰੈਂਡਮਾਸਟਰ ਦਾ ਖਿਤਾਬ ਦਿੱਤਾ ਜਾਂਦਾ ਹੈ।
2. ਇੱਕ ਵਾਰ ਸਨਮਾਨਿਤ ਕੀਤੇ ਜਾਣ ਤੋਂ ਬਾਅਦ, ਗ੍ਰੈਂਡਮਾਸਟਰ ਦਾ ਖਿਤਾਬ ਆਮ ਤੌਰ 'ਤੇ ਜੀਵਨ ਭਰ ਲਈ ਹੁੰਦਾ ਹੈ।
3. 2024 FIDE ਵਿਸ਼ਵ ਸ਼ਤਰੰਜ ਚੈਂਪੀਅਨਸ਼ਿਪ ਵਿੱਚ ਚੀਨ ਦੇ ਡਿੰਗ ਲਿਰੇਨ ਨੂੰ ਹਰਾ ਕੇ ਗੁਕੇਸ਼ ਡੋਮਾਰਾਜੂ ਸਭ ਤੋਂ ਘੱਟ ਉਮਰ ਦਾ ਵਿਸ਼ਵ ਸ਼ਤਰੰਜ ਚੈਂਪੀਅਨ ਬਣਿਆ।

ਉੱਪਰ ਦਿੱਤੇ ਗਏ ਕਥਨਾਂ ਵਿੱਚੋਂ ਕਿੰਨੇ ਸਹੀ ਹੈ/ਹਨ ?

(a) ਸਿਰਫ਼ ਇੱਕ
(b) ਸਿਰਫ਼ ਦੋ
(c) ਸਾਰੇ ਤਿੰਨ
(d) ਉਪਰੋਕਤ ਵਿੱਚੋਂ ਕੋਈ ਨਹੀਂ

61. ਭਾਰਤ ਵਿੱਚ ਸੂਖਮ-ਵਿੱਤ (Microfinance) ਦੀ ਧਾਰਨਾ ਦੇ ਹਵਾਲੇ ਨਾਲ, ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਸੂਖਮ-ਵਿੱਤ ਵਿਸ਼ੇਸ਼ ਤੌਰ 'ਤੇ ਘੱਟ ਆਮਦਨੀ ਵਾਲੇ ਸਮੂਹਾਂ ਨੂੰ ਸੂਖਮ-ਰਿਣ ਸਹੂਲਤਾਂ ਪ੍ਰਦਾਨ ਕਰਨ 'ਤੇ ਕੇਂਦ੍ਰਿਤ ਹੈ, ਅਤੇ ਬੀਮਾ ਅਤੇ ਬੱਚਤ ਇਸ ਵਿੱਚ ਸ਼ਾਮਲ ਨਹੀਂ ਹਨ।
2. ਸੂਖਮ-ਵਿੱਤ ਪਹਿਲਕਦਮੀ ਦਾ ਜ਼ੋਰ, ਸੰਭਾਵੀ ਉਧਾਰ ਲੈਣ ਵਾਲੇ ਦੀ ਸਮਰੱਥਾ (Absorption Capacity) ਦੇ ਆਧਾਰ 'ਤੇ ਉਤਪਾਦਨ ਅਤੇ ਖਪਤ ਕਰਜ਼ੇ ਨੂੰ ਕਈ ਹਿੱਸਿਆਂ ਵਿੱਚ ਸੰਚਾਲਿਤ ਕਰਨਾ ਹੈ।
3. ਇਹ 'ਚੈਰਿਟੀ-ਅਧਾਰਤ' ਤੋਂ 'ਥ੍ਰਿਫਟ-ਅਧਾਰਤ' ਅਤੇ ਅੰਤ ਵਿੱਚ 'ਭਰੋਸੇ ਅਤੇ ਕ੍ਰੈਡਿਟ ਯੋਗਤਾ ਮਾਡਲ' ਵਿੱਚ ਵਿਕਸਤ ਹੋਇਆ ਹੈ।
4. ਭਾਰਤ ਨੇ ਸੂਖਮ-ਵਿੱਤ ਦੀ ਧਾਰਨਾ ਨੂੰ ਬੰਗਲਾਦੇਸ਼ ਤੋਂ ਅਪਣਾਇਆ ਹੈ।

ਉੱਪਰ ਦਿੱਤੇ ਗਏ ਕਿੰਨੇ ਕਥਨ ਸਹੀ ਹੈ/ਹਨ ?

(a) ਸਿਰਫ਼ ਇੱਕ
(b) ਸਿਰਫ਼ ਦੋ
(c) ਸਿਰਫ਼ ਤਿੰਨ
(d) ਸਾਰੇ ਚਾਰ

62. With reference to the India's Five-Year Plans, how many of the following statements given below are correct ?

1. The Second Five-Year Plan focused on rapid industrialization through heavy and basic industries.
2. The largest contributor to investment in independent India's early growth experience (i.e., during the first three Five-Year Plans) was 'Domestic Savings'.
3. The main objectives of the Fourth Five-Year Plan were the removal of poverty and the attainment of self-reliance.
4. The Eighth Five-Year Plan was implemented after the economic liberalisation in India.
5. The Tenth Five-Year Plan marked a shift in the planning paradigm by stating in its preface that "The Plan is indicative in nature".

Select the correct answer using the options given below :

(a) Only two
(b) Only three
(c) Only four
(d) All five

63. Several Finance Commissions have recommended the establishment of an independent Fiscal Council in India. In this context, which of the following are the potential benefits of setting up such a council ?

1. Assessing and monitoring fiscal policy
2. Effective implementation of fiscal rules and strengthening of fiscal performance
3. Better coordination between the centre and the states, and the consistency of the fiscal targets across levels of government
4. Enhanced accountability to the Legislatures and the public at large in calibrating fiscal policies

Select the correct answer using the options given below :

(a) 1 and 4 only
(b) 2 and 3 only
(c) 1, 2 and 4 only
(d) 1, 2, 3 and 4

64. With reference to the Goods and Services Tax (GST) Council, consider the following statements :

1. The GST Council is a constitutional body constituted under Article 279A of the Indian Constitution.
2. It is chaired by the Prime Minister.
3. The Revenue Secretary acts as the ex-officio Secretary to the GST Council.
4. The recommendations of the GST Council are binding on the union and state governments.

Which of the statements given above are correct ?

(a) 1 and 3 only
(b) 2 and 4 only
(c) 1, 2 and 3 only
(d) 1, 3 and 4 only

62. ਭਾਰਤ ਦੀਆਂ ਪੰਜ-ਸਾਲਾ ਯੋਜਨਾਵਾਂ ਦੇ ਹਵਾਲੇ ਨਾਲ, ਹੇਠਾਂ ਦਿੱਤੇ ਗਏ ਕਿੰਨੇ ਬਿਆਨ ਸਹੀ ਹਨ ?

1. ਦੂਜੀ ਪੰਜ ਸਾਲਾ ਯੋਜਨਾ ਭਾਰੀ ਅਤੇ ਬੁਨਿਆਦੀ ਉਦਯੋਗਾਂ ਰਾਹੀਂ ਤੇਜ਼ੀ ਨਾਲ ਉਦਯੋਗੀਕਰਨ 'ਤੇ ਕੇਂਦ੍ਰਿਤ ਸੀ।
2. ਸੁਤੰਤਰ ਭਾਰਤ ਦੇ ਸ਼ੁਰੂਆਤੀ ਵਿਕਾਸ ਦੇ ਤਜਰਬੇ (ਭਾਵ, ਪਹਿਲਿਆਂ ਤਿੰਨ ਪੰਜ ਸਾਲਾ ਯੋਜਨਾਵਾਂ ਦੌਰਾਨ) ਵਿੱਚ ਨਿਵੇਸ਼ ਵਿੱਚ ਵੱਡਾ ਯੋਗਦਾਨ ਘਰੇਲੂ ਬੱਚਤਾਂ ਦਾ ਸੀ।
3. ਚੌਥੀ ਪੰਜ ਸਾਲਾ ਯੋਜਨਾ ਦੇ ਮੁੱਖ ਉਦੇਸ਼ ਗਰੀਬੀ ਨੂੰ ਦੂਰ ਕਰਨਾ ਅਤੇ ਸਵੈ-ਨਿਰਭਰਤਾ ਦੀ ਪ੍ਰਾਪਤੀ ਸਨ।
4. ਅੱਠਵੀਂ ਪੰਜ ਸਾਲਾ ਯੋਜਨਾ ਭਾਰਤ ਵਿੱਚ ਆਰਥਿਕ ਉਦਾਰੀਕਰਨ ਤੋਂ ਬਾਅਦ ਲਾਗੂ ਕੀਤੀ ਗਈ ਸੀ।
5. ਦਸਵੀਂ ਪੰਜ ਸਾਲਾ ਯੋਜਨਾ ਨੇ ਆਪਣੀ ਭੂਮਿਕਾ ਅੰਦਰ ਯੋਜਨਾਬੰਦੀ ਦੇ ਪੈਰਾਡਾਈਮ ਵਿੱਚ ਇਹ ਕਹਿ ਕੇ ਤਬਦੀਲੀ ਦੀ ਨਿਸ਼ਾਨਦੇਹੀ ਕੀਤੀ ਕਿ "ਯੋਜਨਾ ਦਾ ਸਰੂਪ ਸੰਕੇਤਕ ਹੈ"।

ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ ਸਹੀ ਉੱਤਰ ਚੁਣੋ :

(a) ਸਿਰਫ਼ ਦੋ
(b) ਸਿਰਫ਼ ਤਿੰਨ
(c) ਸਿਰਫ਼ ਚਾਰ
(d) ਸਾਰੇ ਪੰਜ

63. ਕਈ ਵਿੱਤ ਕਮਿਸ਼ਨਾਂ ਨੇ ਭਾਰਤ ਵਿੱਚ ਇੱਕ ਸੁਤੰਤਰ ਵਿੱਤੀ ਕੌਂਸਲ ਦੀ ਸਥਾਪਨਾ ਦੀ ਸਿਫਾਰਸ਼ ਕੀਤੀ ਹੈ। ਇਸ ਸੰਦਰਭ ਵਿੱਚ, ਅਜਿਹੀ ਕੌਂਸਲ ਸਥਾਪਤ ਕਰਨ ਦੇ ਸੰਭਾਵੀ ਲਾਭ ਹੇਠ ਲਿਖਿਆਂ ਵਿੱਚੋਂ ਕਿਹੜੇ ਹਨ ?

1. ਵਿੱਤੀ ਨੀਤੀ ਦਾ ਮੁਲਾਂਕਣ ਅਤੇ ਨਿਗਰਾਨੀ
2. ਵਿੱਤੀ ਨਿਯਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਅਤੇ ਵਿੱਤੀ ਪ੍ਰਦਰਸ਼ਨ (Fiscal Performance) ਨੂੰ ਮਜ਼ਬੂਤ ਕਰਨਾ
3. ਕੇਂਦਰ ਅਤੇ ਰਾਜਾਂ ਵਿਚਕਾਰ ਬਿਹਤਰ ਤਾਲਮੇਲ, ਅਤੇ ਸਰਕਾਰ ਦੇ ਪੱਧਰਾਂ 'ਤੇ ਵਿੱਤੀ ਟੀਚਿਆਂ ਦੀ ਇਕਸਾਰਤਾ
4. ਵਿੱਤੀ ਨੀਤੀਆਂ ਨੂੰ ਕੈਲੀਬ੍ਰੇਟ ਕਰਨ ਵਿੱਚ ਵਿਧਾਨ ਸਭਾਵਾਂ ਅਤੇ ਜਨਤਾ ਪ੍ਰਤੀ ਜਵਾਬਦੇਹੀ ਵਧਾਉਣਾ

ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ ਸਹੀ ਉੱਤਰ ਚੁਣੋ :

(a) ਸਿਰਫ਼ 1 ਅਤੇ 4
(b) ਸਿਰਫ਼ 2 ਅਤੇ 3
(c) ਸਿਰਫ਼ 1, 2 ਅਤੇ 4
(d) 1, 2, 3 ਅਤੇ 4

64. ਵਸਤੂਆਂ ਅਤੇ ਸੇਵਾਵਾਂ ਟੈਕਸ (GST) ਕੌਂਸਲ ਦੇ ਹਵਾਲੇ ਨਾਲ, ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਜੀਐਸਟੀ ਕੌਂਸਲ ਸੰਵਿਧਾਨਕ ਸੰਸਥਾ ਹੈ ਜੋ ਭਾਰਤੀ ਸੰਵਿਧਾਨ ਦੀ ਧਾਰਾ 279A ਦੇ ਤਹਿਤ ਬਣਾਈ ਗਈ ਹੈ।
2. ਇਸਦੀ ਪ੍ਰਧਾਨਗੀ ਪ੍ਰਧਾਨ ਮੰਤਰੀ ਕਰਦੇ ਹਨ।
3. ਮਾਲੀਆ ਸਕੱਤਰ ਜੀਐਸਟੀ ਕੌਂਸਲ ਦੇ ਅਹੁਦੇਦਾਰ ਸਕੱਤਰ ਵਜੋਂ ਕੰਮ ਕਰਦਾ ਹੈ।
4. ਕੇਂਦਰ ਅਤੇ ਰਾਜ ਸਰਕਾਰਾਂ ਜੀਐਸਟੀ ਕੌਂਸਲ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਲਈ ਪਾਬੰਦ ਹਨ।

ਉੱਪਰ ਦਿੱਤੇ ਗਏ ਕਿਹੜੇ ਕਥਨ ਸਹੀ ਹਨ ?

(a) ਸਿਰਫ਼ 1 ਅਤੇ 3
(b) ਸਿਰਫ਼ 2 ਅਤੇ 4
(c) ਸਿਰਫ਼ 1, 2 ਅਤੇ 3
(d) ਸਿਰਫ਼ 1, 3 ਅਤੇ 4

**65.** Consider the following statements as per NITI Aayog's 'Multidimensional Poverty in India since 2005-06' report :

1. Multidimensional poverty in India declined significantly between 2013-14 and 2022-23, with more than 24 crore people escaping poverty during this period.
2. All 12 indicators of Multidimensional Poverty Index showed a remarkable improvement during this period.
3. Bihar registered the largest decline in the number of multidimensional poor followed by Odisha.

Which of the statements given above are correct ?

(a) 1 and 2 only (b) 1 and 3 only

(c) 2 and 3 only (d) 1, 2 and 3

**66.** With reference to the National Food Security Act, 2013, which of the following statements is/are correct ?

1. The Central Government is responsible for the procurement of food grains, identification of beneficiaries and issuance of ration cards.
2. In Chandigarh, Puducherry and Madhya Pradesh, the Act is implemented in the cash transfer mode, under which food subsidy is transferred directly into the bank accounts of beneficiaries.
3. The eldest woman of the household, aged 18 years or above, is mandated to be the head of the household for the purpose of issuing ration cards under the Act.

Select the correct answer using the codes given below :

(a) 1 only (b) 2 and 3 only

(c) 3 only (d) 1, 2 and 3

**67.** Consider the following statements regarding the eligibility criteria for recognition as a startup under the Startup India Initiative :

1. An entity shall be considered as a startup up to a period of 10 years from the date of its incorporation.
2. The entity's turnover should not have exceeded ₹ 1000 crores in any financial year since its incorporation.
3. An entity formed by splitting up or reconstruction of an existing business is eligible to be considered as a startup.

Which of the statements given above is/are correct ?

(a) 1 only (b) 1 and 3 only

(c) 2 and 3 only (d) 1, 2 and 3

65. ਨੀਤੀ ਆਯੋਗ ਦੀ '2005-06 ਤੋਂ ਭਾਰਤ ਵਿੱਚ ਬਹੁ-ਪੱਖੀ ਗਰੀਬੀ' (Multidimensional Poverty) ਰਿਪੋਰਟ ਦੇ ਅਨੁਸਾਰ ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਭਾਰਤ ਵਿੱਚ ਬਹੁ-ਪੱਖੀ ਗਰੀਬੀ 2013-14 ਅਤੇ 2022-23 ਦੇ ਵਿਚਕਾਰ ਕਾਫ਼ੀ ਘੱਟ ਗਈ, ਇਸ ਸਮੇਂ ਦੌਰਾਨ 24 ਕਰੋੜ ਤੋਂ ਵੱਧ ਲੋਕ ਗਰੀਬੀ ਤੋਂ ਬਾਹਰ ਨਿਕਲੇ।
2. ਬਹੁ-ਪੱਖੀ ਗਰੀਬੀ ਸੂਚਕਾਂਕ ਦੇ ਸਾਰੇ 12 ਸੂਚਕਾਂ ਨੇ ਇਸ ਸਮੇਂ ਦੌਰਾਨ ਸ਼ਾਨਦਾਰ ਸੁਧਾਰ ਦਿਖਾਇਆ।
3. ਬਹੁ-ਪੱਖੀ ਗਰੀਬਾਂ ਦੀ ਗਿਣਤੀ ਵਿੱਚ ਬਿਹਾਰ ਵਿੱਚ ਸਭ ਤੋਂ ਵੱਧ ਗਿਰਾਵਟ ਦਰਜ ਕੀਤੀ ਗਈ, ਉਸ ਤੋਂ ਬਾਅਦ ਨੰਬਰ ਓਡੀਸ਼ਾ ਦਾ ਹੈ।

ਉਪਰੋਕਤ ਦਿੱਤੇ ਗਏ ਕਥਨਾਂ ਵਿੱਚੋਂ ਕਿਹੜੇ ਸਹੀ ਹਨ ?

(a) ਸਿਰਫ਼ 1 ਅਤੇ 2
(b) ਸਿਰਫ਼ 1 ਅਤੇ 3
(c) ਸਿਰਫ਼ 2 ਅਤੇ 3
(d) 1, 2 ਅਤੇ 3

66. ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, 2013 ਦੇ ਹਵਾਲੇ ਨਾਲ, ਹੇਠ ਲਿਖਿਆਂ ਵਿੱਚੋਂ ਕਿਹੜਾ/ਕਿਹੜੇ ਕਥਨ ਸਹੀ ਹੈ/ਹਨ ?

1. ਕੇਂਦਰ ਸਰਕਾਰ ਅਨਾਜ ਦੀ ਖਰੀਦ, ਲਾਭਪਾਤਰੀਆਂ ਦੀ ਪਛਾਣ ਅਤੇ ਰਾਸ਼ਨ ਕਾਰਡ ਜਾਰੀ ਕਰਨ ਲਈ ਜ਼ਿੰਮੇਵਾਰ ਹੈ।
2. ਚੰਡੀਗੜ੍ਹ, ਪੁਡੂਚੇਰੀ ਅਤੇ ਮੱਧ ਪ੍ਰਦੇਸ਼ ਵਿੱਚ, ਇਹ ਐਕਟ ਨਕਦ ਟ੍ਰਾਂਸਫਰ ਮੋਡ ਵਿੱਚ ਲਾਗੂ ਹੈ, ਜਿਸ ਤਹਿਤ ਭੋਜਨ ਸਬਸਿਡੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਸਿੱਧੀ ਟ੍ਰਾਂਸਫਰ ਕੀਤੀ ਜਾਂਦੀ ਹੈ।
3. ਐਕਟ ਤਹਿਤ ਰਾਸ਼ਨ ਕਾਰਡ ਜਾਰੀ ਕਰਨ ਹਿੱਤ 18 ਸਾਲ ਜਾਂ ਇਸ ਤੋਂ ਵੱਧ ਉਮਰ ਦੀ ਘਰ ਦੀ ਸਭ ਤੋਂ ਵੱਡੀ ਔਰਤ ਦਾ ਘਰ ਦੀ ਮੁਖੀ ਹੋਣਾ ਲਾਜ਼ਮੀ ਹੈ।

ਹੇਠਾਂ ਦਿੱਤੇ ਵਿਕਲਪਾਂ ਵਿੱਚੋਂ ਸਹੀ ਉੱਤਰ ਚੁਣੋ :

(a) ਸਿਰਫ਼ 1
(b) ਸਿਰਫ਼ 2 ਅਤੇ 3
(c) ਸਿਰਫ਼ 3
(d) 1, 2 ਅਤੇ 3

67. ਸਟਾਰਟਅੱਪ ਇੰਡੀਆ ਪਹਿਲਕਦਮੀ ਦੇ ਤਹਿਤ ਸਟਾਰਟਅੱਪ ਵਜੋਂ ਮਾਨਤਾ ਲਈ ਯੋਗਤਾ ਮਾਪਦੰਡਾਂ ਸੰਬੰਧੀ ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਕਿਸੇ ਇਕਾਈ ਨੂੰ ਉਸਦੀ ਸ਼ੁਰੂਆਤ ਦੀ ਮਿਤੀ ਤੋਂ 10 ਸਾਲਾਂ ਦੀ ਮਿਆਦ ਤੱਕ ਸਟਾਰਟਅੱਪ ਮੰਨਿਆ ਜਾਵੇਗਾ।
2. ਕਿਸੇ ਇਕਾਈ ਦਾ ਟਰਨਓਵਰ ਉਸਦੀ ਸ਼ੁਰੂਆਤ ਤੋਂ ਬਾਅਦ ਕਿਸੇ ਵੀ ਵਿੱਤੀ ਸਾਲ ਵਿੱਚ 1000 ਕਰੋੜ ਰੁਪਏ ਤੋਂ ਵੱਧ ਨਹੀਂ ਹੋਣਾ ਚਾਹੀਦਾ ਹੈ।
3. ਕਿਸੇ ਮੌਜੂਦਾ ਕਾਰੋਬਾਰ ਦੇ ਬਟਵਾਰੇ ਜਾਂ ਪੁਨਰ ਨਿਰਮਾਣ ਦੁਆਰਾ ਬਣਾਈ ਗਈ ਇਕਾਈ ਸਟਾਰਟਅੱਪ ਵਜੋਂ ਮੰਨੇ ਜਾਣ ਯੋਗ ਹੈ।

ਉਪਰੋਕਤ ਵਿੱਚੋਂ ਕਿਹੜਾ/ਕਿਹੜੇ ਕਥਨ ਸਹੀ ਹੈ/ਹਨ ?

(a) ਸਿਰਫ਼ 1
(b) ਸਿਰਫ਼ 1 ਅਤੇ 3
(c) ਸਿਰਫ਼ 2 ਅਤੇ 3
(d) 1, 2 ਅਤੇ 3

**68.** What is the primary objective of the Employment Linked Incentive (ELI) Scheme, introduced in the Union Budget 2024-25 ?

(a) Enhancing direct wage subsidies in rural entrepreneurship to promote employment

(b) Increasing employability by facilitating skill development through financial support to industrial training institutes and apprenticeships

(c) Providing incentives for employers hiring first-time formal sector workers and supporting their EPFO contributions

(d) Extending concessional credit to MSMEs to boost employment in manufacturing sector

**69.** How many of the following measures are likely to lead to an increase in the money supply in India ?

1. Expansion of credit operations by commercial banks
2. Borrowing by the Government of India from the RBI
3. Sale of government securities to the public by the RBI
4. Increase in the repo rate by the RBI
5. Increase in the Marginal Standing Facility (MSF) rate by the RBI

Select the correct answer from the options given below :

(a) Only two (b) Only three

(c) Only four (d) All five

**70.** Which of the following best defines the concept of "Challenger Banks" ?

(a) Systemically important banks that are subject to enhanced regulatory scrutiny due to their size and interconnectedness

(b) Digitally-driven small banking institutions that aim to disrupt traditional banking models through technology and innovation

(c) Large sized Non-Banking Financial Companies which compete with traditional banks to provide financial services like loans, investments, etc.

(d) Traditional commercial banks that undergo restructuring to reduce non-performing assets and improve efficiency

**71.** Which of the following is ***not*** a government initiative related to school education ?

(a) PM-SHRI (b) Vidya Pravesh

(c) Vidya Guru (d) Vidyanjali

68. 2024-25 ਦੇ ਕੇਂਦਰੀ ਬਜਟ ਵਿੱਚ ਪੇਸ਼ ਕੀਤੀ ਗਈ ਰੁਜ਼ਗਾਰ ਨਾਲ ਜੁੜੀ ਪ੍ਰੋਤਸਾਹਨ (Employment Linked Incentive-ELI) ਯੋਜਨਾ ਦਾ ਮੁੱਖ ਉਦੇਸ਼ ਕੀ ਹੈ ?

(a) ਰੁਜ਼ਗਾਰ ਨੂੰ ਉਤਸ਼ਾਹਿਤ ਕਰਨ ਲਈ ਪੇਂਡੂ ਉੱਦਮਤਾ ਵਿੱਚ ਸਿੱਧੀ ਤਨਖਾਹ ਸਬਸਿਡੀ ਨੂੰ ਵਧਾਉਣਾ

(b) ਉਦਯੋਗਿਕ ਸਿਖਲਾਈ ਸੰਸਥਾਵਾਂ ਅਤੇ ਅਪ੍ਰੈਂਟਿਸਸ਼ਿਪਾਂ ਨੂੰ ਵਿੱਤੀ ਸਹਾਇਤਾ ਦੁਆਰਾ ਹੁਨਰ ਵਿਕਾਸ ਦੀ ਸਹੂਲਤ ਦੇ ਕੇ ਰੁਜ਼ਗਾਰ ਯੋਗਤਾ ਨੂੰ ਵਧਾਉਣਾ

(c) ਪਹਿਲੀ ਵਾਰ ਰਸਮੀ ਖੇਤਰ ਵਿੱਚ ਆਏ ਕਰਮਚਾਰੀਆਂ ਨੂੰ ਨਿਯੁਕਤ ਕਰਨ ਵਾਲੇ ਮਾਲਕਾਂ ਨੂੰ ਪ੍ਰੋਤਸਾਹਨ ਪ੍ਰਦਾਨ ਕਰਨਾ ਅਤੇ ਉਨ੍ਹਾਂ ਦੇ EPFO ਯੋਗਦਾਨਾਂ ਦਾ ਸਮਰਥਨ ਕਰਨਾ

(d) ਨਿਰਮਾਣ ਖੇਤਰ ਵਿੱਚ ਰੁਜ਼ਗਾਰ ਨੂੰ ਵਧਾਉਣ ਲਈ MSMEs ਨੂੰ ਰਿਆਇਤੀ ਕਰਜ਼ਾ ਦੇਣਾ

69. ਭਾਰਤ ਵਿੱਚ ਪੈਸੇ ਦੀ ਸਪਲਾਈ ਵਿੱਚ ਵਾਧੇ ਲਈ ਹੇਠ ਲਿਖਿਆਂ ਵਿੱਚੋਂ ਕਿੰਨੇ ਉਪਾਅ ਸੰਭਵ ਹਨ ?

1. ਵਪਾਰਕ ਬੈਂਕਾਂ ਦੁਆਰਾ ਕ੍ਰੈਡਿਟ ਕਾਰਜਾਂ ਦਾ ਵਿਸਥਾਰ
2. ਭਾਰਤ ਸਰਕਾਰ ਦੁਆਰਾ RBI ਤੋਂ ਉਧਾਰ ਲੈਣਾ
3. RBI ਦੁਆਰਾ ਜਨਤਾ ਨੂੰ ਸਰਕਾਰੀ ਪ੍ਰਤੀਭੂਤੀਆਂ (securities) ਦੀ ਵਿਕਰੀ
4. RBI ਦੁਆਰਾ ਰੈਪੋ ਦਰ ਵਿੱਚ ਵਾਧਾ
5. RBI ਦੁਆਰਾ ਸੀਮਾਂਤ ਸਥਾਈ ਸਹੂਲਤ (Marginal Standing Facility- MSF) ਦਰ ਵਿੱਚ ਵਾਧਾ

ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ ਸਹੀ ਉੱਤਰ ਚੁਣੋ :

(a) ਸਿਰਫ਼ ਦੋ
(b) ਸਿਰਫ਼ ਤਿੰਨ
(c) ਸਿਰਫ਼ ਚਾਰ
(d) ਸਾਰੇ ਪੰਜ

70. ਹੇਠ ਲਿਖਿਆਂ ਵਿੱਚੋਂ "ਚੈਲੇਂਜਰ ਬੈਂਕਾਂ" ਦੀ ਧਾਰਨਾ ਨੂੰ ਕਿਹੜਾ ਸਭ ਤੋਂ ਵਧੀਆ ਢੰਗ ਨਾਲ ਪਰਿਭਾਸ਼ਤ ਕਰਦਾ ਹੈ ?

(a) ਸਿਸਟਮਬੱਧ ਮਹੱਤਵਪੂਰਨ ਬੈਂਕ (Systemically Important Banks) ਜੋ ਆਪਣੇ ਆਕਾਰ ਅਤੇ ਅੰਤਰ-ਸੰਬੰਧਤ ਹੋਣ ਕਾਰਨ ਵਧੇਰੀ ਰੈਗੂਲੇਟਰੀ ਜਾਂਚ ਦੇ ਅਧੀਨ ਹਨ

(b) ਡਿਜੀਟਲ ਤੌਰ 'ਤੇ ਸੰਚਾਲਿਤ ਛੋਟੀਆਂ ਬੈਂਕਿੰਗ ਸੰਸਥਾਵਾਂ ਜੋ ਤਕਨਾਲੋਜੀ ਅਤੇ ਨਵੀਨਤਾ ਰਾਹੀਂ ਰਵਾਇਤੀ ਬੈਂਕਿੰਗ ਮਾਡਲਾਂ ਨੂੰ ਉਥਲ-ਪੁਥਲ (DISRUPT) ਕਰਨ ਦਾ ਉਦੇਸ਼ ਰੱਖਦੀਆਂ ਹਨ

(c) ਵੱਡੇ ਆਕਾਰ ਦੀਆਂ ਗ਼ੈਰ-ਬੈਂਕਿੰਗ ਵਿੱਤੀ ਕੰਪਨੀਆਂ (NBFC) ਜੋ ਕਰਜ਼ੇ, ਨਿਵੇਸ਼ ਆਦਿ ਵਿੱਤੀ ਸੇਵਾਵਾਂ ਪ੍ਰਦਾਨ ਕਰਨ ਲਈ ਰਵਾਇਤੀ ਬੈਂਕਾਂ ਨਾਲ ਮੁਕਾਬਲਾ ਕਰਦੀਆਂ ਹਨ

(d) ਰਵਾਇਤੀ ਵਪਾਰਕ ਬੈਂਕ ਜੋ ਗ਼ੈਰ-ਕਾਰਗੁਜ਼ਾਰੀ ਵਾਲੀਆਂ ਸੰਪਤੀਆਂ ਨੂੰ ਘਟਾਉਣ ਅਤੇ ਕੁਸ਼ਲਤਾ ਵਿੱਚ ਸੁਧਾਰ ਕਰਨ ਲਈ ਪੁਨਰਗਠਨ (Restructuring) ਵਿੱਚੋਂ ਲੰਘਦੇ ਹਨ

71. ਇਹਨਾਂ ਵਿੱਚੋਂ ਕਿਹੜਾ ਸਕੂਲ ਸਿੱਖਿਆ ਨਾਲ ਸਬੰਧਤ ਸਰਕਾਰੀ ਉਪਰਾਲਾ ***ਨਹੀਂ*** ਹੈ ?

(a) ਪੀਐਮ-ਸ਼੍ਰੀ (PM-SHRI)
(b) ਵਿਦਿਆ ਪ੍ਰਵੇਸ਼
(c) ਵਿਦਿਆ ਗੁਰੂ
(d) ਵਿਦਿਆਂਜਲੀ

72. Consider the following statements :

**Statement I :** According to Bergmann's Rule, birds and mammals in colder regions tend to be significantly larger in body size than their conspecifics inhabiting warmer regions.

**Statement II :** A smaller surface area-to-volume ratio enables them to lose less heat to their environment compared to smaller animals, which have a larger surface area-to-volume ratio.

Which one of the following is correct in respect of the above statements ?

(a) Both Statement I and Statement II are correct and Statement II is the correct explanation for Statement I.

(b) Both Statement I and Statement II are correct, but Statement II is not the correct explanation for Statement I.

(c) Statement I is correct, but Statement II is incorrect.

(d) Statement I is incorrect, but Statement II is correct.

73. Which of the following chemicals is used in cloud seeding to enhance rainfall ?

(a) Silver iodide

(b) Magnesium nitrate

(c) Potassium permanganate

(d) Diphenyl carbazide

74. Consider the following statements :

1. The Nagoya Protocol was adopted in 2010 with the objective of ensuring access to genetic resources and the fair and equitable sharing of benefits arising from their use.

2. After the ratification of the Nagoya Protocol, the National Biodiversity Authority (NBA) was established in India to fulfil the obligations of the Protocol.

Which of the statements given above is/are correct ?

(a) 1 only
(b) 2 only
(c) Both 1 and 2
(d) Neither 1 nor 2

75. Consider the following pairs of tiger reserves and the states where they are located :

1. Satpura Tiger Reserve - Maharashtra
2. Bandipur Tiger Reserve - Karnataka
3. Bandhavgarh Tiger Reserve - Madhya Pradesh
4. Sathyamangalam Tiger Reserve - Tamil Nadu

How many of the above pairs is/are correctly matched ?

(a) Only one pair
(b) Only two pairs
(c) Only three pairs
(d) All four pairs

72. ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

**ਕਥਨ I :** ਬਰਗਮੈਨ ਦੇ ਨਿਯਮ ਅਨੁਸਾਰ, ਠੰਡੇ ਖੇਤਰਾਂ ਵਿੱਚ ਪੰਛੀ ਅਤੇ ਥਣਧਾਰੀ ਜੀਵ ਗਰਮ ਖੇਤਰਾਂ ਵਿੱਚ ਰਹਿਣ ਵਾਲੇ ਆਪਣੇ ਸਮਾਨ ਜੀਵਾਂ ਦੇ ਮੁਕਾਬਲੇ ਸਰੀਰਕ ਆਕਾਰ ਵਿੱਚ ਕਾਫ਼ੀ ਵੱਡੇ ਹੁੰਦੇ ਹਨ।

**ਕਥਨ II :** ਇੱਕ ਛੋਟਾ ਸਤਹਿ ਖੇਤਰ-ਤੋਂ-ਆਇਤਨ ਅਨੁਪਾਤ ਇਹਨਾਂ ਨੂੰ ਆਪਣੇ ਵਾਤਾਵਰਣ ਵਿੱਚ ਘੱਟ ਗਰਮੀ ਗੁਆਉਣ ਦੇ ਯੋਗ ਬਣਾਉਂਦਾ ਹੈ; ਛੋਟੇ ਜਾਨਵਰਾਂ ਦੇ ਮੁਕਾਬਲੇ ਜਿਨ੍ਹਾਂ ਦਾ ਸਤਹਿ ਖੇਤਰ-ਤੋਂ-ਆਇਤਨ ਅਨੁਪਾਤ ਵੱਡਾ ਹੁੰਦਾ ਹੈ।

ਉਪਰੋਕਤ ਕਥਨਾਂ ਦੇ ਸੰਬੰਧ ਵਿੱਚ ਹੇਠ ਲਿਖਿਆਂ ਵਿੱਚੋਂ ਕਿਹੜਾ ਵਿਕਲਪ ਸਹੀ ਹੈ ?

(a) ਕਥਨ I ਅਤੇ ਕਥਨ II ਦੋਵੇਂ ਸਹੀ ਹਨ ਅਤੇ ਕਥਨ II ਕਥਨ I ਦੀ ਸਹੀ ਵਿਆਖਿਆ ਹੈ।

(b) ਕਥਨ I ਅਤੇ ਕਥਨ II ਦੋਵੇਂ ਸਹੀ ਹਨ, ਪਰ ਕਥਨ II ਕਥਨ I ਦੀ ਸਹੀ ਵਿਆਖਿਆ ਨਹੀਂ ਹੈ।

(c) ਕਥਨ I ਸਹੀ ਹੈ, ਪਰ ਕਥਨ II ਗ਼ਲਤ ਹੈ।

(d) ਕਥਨ I ਗ਼ਲਤ ਹੈ, ਪਰ ਕਥਨ II ਸਹੀ ਹੈ।

73. ਬਾਰਿਸ਼ ਵਧਾਉਣ ਲਈ ਕਲਾਉਡ ਸੀਡਿੰਗ (Cloud Seeding) ਵਿੱਚ ਹੇਠ ਲਿਖਿਆਂ ਵਿੱਚੋਂ ਕਿਹੜਾ ਰਸਾਇਣ ਵਰਤਿਆ ਜਾਂਦਾ ਹੈ ?

(a) ਸਿਲਵਰ ਆਇਓਡਾਈਡ (Silver Iodide)

(b) ਮੈਗਨੀਸ਼ੀਅਮ ਨਾਈਟ੍ਰੇਟ (Magnesium Nitrate)

(c) ਪੋਟਾਸ਼ੀਅਮ ਪਰਮੇਂਗਨੇਟ (Potassium Permanganate)

(d) ਡਾਈਫਿਨਾਇਲ ਕਾਰਬਾਜ਼ਾਈਡ (Diphenyl Carbazide)

74. ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਨਗੋਇਆ ਪ੍ਰੋਟੋਕੋਲ ਨੂੰ 2010 ਵਿੱਚ ਜੈਨੇਟਿਕ ਸਰੋਤਾਂ ਤੱਕ ਪਹੁੰਚ ਅਤੇ ਉਨ੍ਹਾਂ ਦੀ ਵਰਤੋਂ ਤੋਂ ਹੋਣ ਵਾਲੇ ਲਾਭਾਂ ਦੀ ਨਿਰਪੱਖ ਅਤੇ ਬਰਾਬਰ ਵੰਡ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਅਪਣਾਇਆ ਗਿਆ ਸੀ।
2. ਨਗੋਇਆ ਪ੍ਰੋਟੋਕੋਲ ਦੀ ਪ੍ਰਵਾਨਗੀ ਤੋਂ ਬਾਅਦ, ਪ੍ਰੋਟੋਕੋਲ ਦੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਭਾਰਤ ਵਿੱਚ ਰਾਸ਼ਟਰੀ ਨੈਸ਼ਨਲ ਬਾਇਓਡਿਵਰਸਿਟੀ ਅਥਾਰਟੀ (NBA) ਦੀ ਸਥਾਪਨਾ ਕੀਤੀ ਗਈ ਸੀ।

ਉਪਰੋਕਤ ਕਥਨਾਂ ਵਿੱਚੋਂ ਕਿਹੜਾ/ਕਿਹੜੇ ਸਹੀ ਹੈ/ਹਨ ?

(a) ਸਿਰਫ਼ 1 (b) ਸਿਰਫ਼ 2

(c) ਦੋਵੇਂ 1 ਅਤੇ 2 (d) ਨਾ ਤਾਂ 1 ਅਤੇ ਨਾ ਹੀ 2

75. ਹੇਠ ਲਿਖੇ ਟਾਈਗਰ ਰਿਜ਼ਰਵ ਅਤੇ ਉਨ੍ਹਾਂ ਨਾਲ ਸੰਬੰਧਿਤ ਰਾਜਾਂ ਦੇ ਜੋੜਿਆਂ 'ਤੇ ਵਿਚਾਰ ਕਰੋ :

1. ਸਤਪੁੜਾ ਟਾਈਗਰ ਰਿਜ਼ਰਵ - ਮਹਾਰਾਸ਼ਟਰ
2. ਬਾਂਦੀਪੁਰ ਟਾਈਗਰ ਰਿਜ਼ਰਵ - ਕਰਨਾਟਕ
3. ਬਾਂਧਵਗੜ੍ਹ ਟਾਈਗਰ ਰਿਜ਼ਰਵ - ਮੱਧ ਪ੍ਰਦੇਸ਼
4. ਸੱਤਿਆਮੰਗਲਮ ਟਾਈਗਰ ਰਿਜ਼ਰਵ - ਤਾਮਿਲਨਾਡੂ

ਉਪਰੋਕਤ ਜੋੜਿਆਂ ਵਿੱਚੋਂ ਕਿੰਨੇ ਸਹੀ ਢੰਗ ਨਾਲ ਮੇਲ ਖਾਂਦੇ ਹਨ ?

(a) ਸਿਰਫ਼ ਇੱਕ ਜੋੜਾ (b) ਸਿਰਫ਼ ਦੋ ਜੋੜੇ

(c) ਸਿਰਫ਼ ਤਿੰਨ ਜੋੜੇ (d) ਸਾਰੇ ਚਾਰ ਜੋੜੇ

**76.** Match the following layers of the atmosphere with their characteristics :

| | *Layers* | | *Characteristics* |
|---|---|---|---|
| A. | Stratosphere | 1. | Characterized by high temperatures as a result of absorption of high energy solar radiation by gases |
| B. | Mesosphere | 2. | A region where photoionization primarily occurs |
| C. | Thermosphere | 3. | Characterised by temperature increases with altitude, leading to a layer in which vertical mixing is limited |
| D. | Ionosphere | 4. | Characterised by temperature decreases with altitude, leading to the coldest place within the Earth system |

Choose the correct code :

| | A | B | C | D |
|---|---|---|---|---|
| (a) | 1 | 2 | 3 | 4 |
| (b) | 3 | 4 | 1 | 2 |
| (c) | 1 | 4 | 3 | 2 |
| (d) | 3 | 1 | 4 | 2 |

**77.** Consider the following greenhouses gases :

1. Methane ($CH_4$)
2. Carbon dioxide ($CO_2$)
3. Nitric oxide (NO)
4. Hydrochlorofluorocarbons (HCFCs)
5. Perfluorocarbons (PFCs)
6. Sulphur hexafluoride ($SF_6$)

Which of these are covered under the Kyoto Protocol ?

(a) 1, 2, 5 and 6

(b) 1, 2, 3, 4 and 5

(c) 1, 2, 4, 5 and 6

(d) 1, 2, 3, 4, 5 and 6

**78.** Match the following biosphere reserves with the key fauna found there :

| | *Biosphere Reserve* | | *Fauna* |
|---|---|---|---|
| A. | Nilgiris | 1. | Golden Gecko |
| B. | Nanda Devi | 2. | Golden Langoor |
| C. | Manas | 3. | Musk Deer |
| D. | Seshachalam Hills | 4. | Lion-tailed Macaque |

Choose the correct code :

| | A | B | C | D |
|---|---|---|---|---|
| (a) | 2 | 3 | 4 | 1 |
| (b) | 1 | 2 | 3 | 4 |
| (c) | 4 | 3 | 2 | 1 |
| (d) | 4 | 1 | 2 | 3 |

**76.** ਵਾਯੂਮੰਡਲ ਦੀਆਂ ਹੇਠ ਲਿਖੀਆਂ ਪਰਤਾਂ ਨੂੰ ਉਹਨਾਂ ਦੀਆਂ ਵਿਸ਼ੇਸ਼ਤਾਵਾਂ ਨਾਲ ਮੇਲ ਕਰੋ :

| *ਪਰਤਾਂ* | | *ਵਿਸ਼ੇਸ਼ਤਾਵਾਂ* | |
|---|---|---|---|
| A. | ਸਟ੍ਰੈਟੋਸਫੀਅਰ | 1. | ਉਹ ਖੇਤਰ ਜਿੱਥੇ ਗੈਸਾਂ ਦੁਆਰਾ ਉੱਚ ਊਰਜਾ ਸੂਰਜੀ ਰੇਡੀਏਸ਼ਨ ਨੂੰ ਸੋਖਣ ਦੇ ਨਤੀਜੇ ਵਜੋਂ ਉੱਚ ਤਾਪਮਾਨ ਰਹਿੰਦਾ ਹੈ |
| B. | ਮੇਸੋਸਫੀਅਰ | 2. | ਉਹ ਖੇਤਰ ਜਿੱਥੇ ਮੁੱਖ ਤੌਰ 'ਤੇ ਫੋਟੋਆਇਨਾਈਜ਼ੇਸ਼ਨ ਹੁੰਦਾ ਹੈ |
| C. | ਥਰਮੋਸਫੀਅਰ | 3. | ਉਹ ਖੇਤਰ ਜਿੱਥੇ ਉਚਾਈ ਦੇ ਨਾਲ ਤਾਪਮਾਨ ਵਧਦਾ ਹੈ, ਅਤੇ ਉਸ ਪਰਤ ਵੱਲ ਲੈ ਜਾਂਦਾ ਹੈ ਜਿੱਥੇ ਲੰਬਕਾਰੀ ਮਿਸ਼ਰਣ (Vertical Mixing) ਸੀਮਤ ਹੁੰਦਾ ਹੈ |
| D. | ਆਇਨੋਸਫੀਅਰ | 4. | ਉਹ ਖੇਤਰ ਜਿੱਥੇ ਉਚਾਈ ਦੇ ਨਾਲ ਤਾਪਮਾਨ ਘੱਟਦਾ ਹੈ, ਅਤੇ ਧਰਤੀ ਪ੍ਰਣਾਲੀ ਦੇ ਅੰਦਰ ਸਭ ਤੋਂ ਠੰਡੇ ਸਥਾਨ ਵੱਲ ਲੈ ਜਾਂਦਾ ਹੈ |

ਸਹੀ ਕੋਡ ਚੁਣੋ :

| | A | B | C | D |
|---|---|---|---|---|
| (a) | 1 | 2 | 3 | 4 |
| (b) | 3 | 4 | 1 | 2 |
| (c) | 1 | 4 | 3 | 2 |
| (d) | 3 | 1 | 4 | 2 |

**77.** ਹੇਠ ਲਿਖੀਆਂ ਗ੍ਰੀਨਹਾਉਸ ਗੈਸਾਂ 'ਤੇ ਵਿਚਾਰ ਕਰੋ :

1. ਮੀਥੇਨ ($CH_4$)
2. ਕਾਰਬਨ ਡਾਈਆਕਸਾਈਡ ($CO_2$)
3. ਨਾਈਟ੍ਰਿਕ ਆਕਸਾਈਡ (NO)
4. ਹਾਈਡ੍ਰੋਕਲੋਰੋਫਲੋਰੋਕਾਰਬਨ (HCFCs)
5. ਪਰਫਲੂਰੋਕਾਰਬਨ (PFCs)
6. ਸਲਫਰ ਹੈਕਸਾਫਲੋਰਾਈਡ ($SF_6$)

ਇਹਨਾਂ ਵਿੱਚੋਂ ਕਿਹੜੀਆਂ ਕਿਓਟੋ ਪ੍ਰੋਟੋਕੋਲ ਦੇ ਅਧੀਨ ਆਉਂਦੀਆਂ ਹਨ ?

(a) 1, 2, 5 ਅਤੇ 6
(b) 1, 2, 3, 4 ਅਤੇ 5
(c) 1, 2, 4, 5 ਅਤੇ 6
(d) 1, 2, 3, 4, 5 ਅਤੇ 6

**78.** ਹੇਠਾਂ ਦਿੱਤੇ ਬਾਇਓਸਫੀਅਰ ਰਿਜ਼ਰਵ ਨੂੰ ਉੱਥੇ ਪਾਏ ਜਾਣ ਵਾਲੇ ਮੁੱਖ ਜੀਵ-ਜੰਤੂਆਂ ਨਾਲ ਮਿਲਾਓ :

| *ਬਾਇਓਸਫੀਅਰ ਰਿਜ਼ਰਵ* | | *ਜੀਵ-ਜੰਤੂ* | |
|---|---|---|---|
| A. | ਨੀਲਗਿਰੀ | 1. | ਗੋਲਡਨ ਗੀਕੋ (Gecko) |
| B. | ਨੰਦਾ ਦੇਵੀ | 2. | ਗੋਲਡਨ ਲੰਗੂਰ |
| C. | ਮਾਨਸ | 3. | ਕਸਤੂਰੀ ਹਿਰਨ (Musk Deer) |
| D. | ਸੇਸ਼ਾਚਲਮ ਪਹਾੜੀਆਂ | 4. | ਸ਼ੇਰ-ਪੂਛ ਵਾਲਾ ਮਕਾਕ (Lion-tailed Macaque) |

ਸਹੀ ਕੋਡ ਚੁਣੋ :

| | A | B | C | D |
|---|---|---|---|---|
| (a) | 2 | 3 | 4 | 1 |
| (b) | 1 | 2 | 3 | 4 |
| (c) | 4 | 3 | 2 | 1 |
| (d) | 4 | 1 | 2 | 3 |

**79.** Which of the following states is the leading producer of diamonds in India ?

(a) Madhya Pradesh (b) Chhattisgarh (c) Gujarat (d) Karnataka

**80.** Consider the following statements about microplastics :

1. They are small pieces of plastic less than 5 mm in length.
2. They consist of carbon and hydrogen atoms bound together in polymer chains.
3. They can adsorb persistent organic pollutants (POPs), potentially increasing the toxicity of the particles.
4. They can be inhaled from the air and absorbed through the skin.

How many of the above statements is/are correct ?

(a) Only one (b) Only two (c) Only three (d) All four

**81.** Consider the following statements about carbon credits :

1. It is a generic term used for any tradable certificate or permit representing the right to emit a certain amount of carbon dioxide or other greenhouse gases.
2. One carbon credit represents the reduction or removal of one metric ton of carbon dioxide or an equivalent amount of another greenhouse gas.
3. The Clean Development Mechanism (CDM) under the Kyoto Protocol allows developed countries to earn carbon credits by investing in emission-reduction projects in other developed as well as developing countries.
4. There are dedicated markets for trading in carbon credits such as the EU Emissions Trading System (EU ETS).

Which of the above statements are correct ?

(a) 1, 2, and 3 only (b) 1, 2, and 4 only

(c) 2, 3, and 4 only (d) All of the above

**82.** Given below are two statements :

**Statement I :** Biological communities increase in diversity as they proceed through seral stages to a climax.

**Statement II :** In most of the landscapes we see around us, successions are often arrested naturally or by human activities.

In the light of the above statements, choose the most appropriate answer from the options given below :

(a) Both Statement I and Statement II are correct.

(b) Both Statement I and Statement II are incorrect.

(c) Statement I is correct, but Statement II is incorrect.

(d) Statement I is incorrect, but Statement II is correct.

79. ਭਾਰਤ ਵਿੱਚ ਹੇਠ ਲਿਖਿਆਂ ਵਿੱਚੋਂ ਕਿਹੜਾ ਰਾਜ ਹੀਰਿਆਂ ਦਾ ਮੋਹਰੀ ਉਤਪਾਦਕ ਹੈ ?
(a) ਮੱਧ ਪ੍ਰਦੇਸ਼ (b) ਛੱਤੀਸਗੜ੍ਹ (c) ਗੁਜਰਾਤ (d) ਕਰਨਾਟਕ

80. ਮਾਈਕ੍ਰੋਪਲਾਸਟਿਕ ਬਾਰੇ ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :
1. ਇਹ 5 ਮਿਲੀਮੀਟਰ ਤੋਂ ਘੱਟ ਲੰਬਾਈ ਵਾਲੇ ਪਲਾਸਟਿਕ ਦੇ ਛੋਟੇ ਟੁਕੜੇ ਹਨ।
2. ਇਹਨਾਂ ਵਿੱਚ ਕਾਰਬਨ ਅਤੇ ਹਾਈਡ੍ਰੋਜਨ ਪਰਮਾਣੂ ਹੁੰਦੇ ਹਨ ਜੋ ਪੋਲੀਮਰ ਚੇਨਾਂ ਵਿੱਚ ਇਕੱਠੇ ਬੰਨ੍ਹੇ ਹੁੰਦੇ ਹਨ।
3. ਇਹ ਸਥਾਈ ਜੈਵਿਕ ਪ੍ਰਦੂਸ਼ਕਾਂ (Persistent Organic Pollutants - POPs) ਨੂੰ ਸੋਖ ਸਕਦੇ ਹਨ, ਜਿਹੜੇ ਸੰਭਾਵੀ ਤੌਰ 'ਤੇ ਕਣਾਂ ਨੂੰ ਵੱਧ ਜ਼ਹਿਰੀਲਾ ਬਣਾਉਂਦੇ ਹਨ।
4. ਇਹਨਾਂ ਨੂੰ ਹਵਾ ਵਿੱਚੋਂ ਸਾਹ ਰਾਹੀਂ ਲਿਆ ਜਾ ਸਕਦਾ ਹੈ ਅਤੇ ਚਮੜੀ ਰਾਹੀਂ ਸੋਖਿਆ ਜਾ ਸਕਦਾ ਹੈ।

ਉਪਰੋਕਤ ਕਥਨਾਂ ਵਿੱਚੋਂ ਕਿੰਨੇ ਸਹੀ ਹੈ/ਹਨ ?
(a) ਸਿਰਫ਼ ਇੱਕ (b) ਸਿਰਫ਼ ਦੋ (c) ਸਿਰਫ਼ ਤਿੰਨ (d) ਸਾਰੇ ਚਾਰ

81. ਕਾਰਬਨ ਕ੍ਰੈਡਿਟ ਬਾਰੇ ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :
1. ਇਹ ਕਿਸੇ ਵੀ ਵਪਾਰਯੋਗ ਸਰਟੀਫਿਕੇਟ ਜਾਂ ਪਰਮਿਟ ਲਈ ਵਰਤਿਆ ਜਾਣ ਵਾਲਾ ਇੱਕ ਆਮ ਸ਼ਬਦ ਹੈ ਜੋ ਕਾਰਬਨ ਡਾਈਆਕਸਾਈਡ ਜਾਂ ਹੋਰ ਗ੍ਰੀਨਹਾਊਸ ਗੈਸਾਂ ਦੀ ਇੱਕ ਨਿਸ਼ਚਿਤ ਮਾਤਰਾ ਨੂੰ ਛੱਡਣ ਦੇ ਅਧਿਕਾਰ ਨੂੰ ਦਰਸਾਉਂਦਾ ਹੈ।
2. ਇੱਕ ਕਾਰਬਨ ਕ੍ਰੈਡਿਟ ਇੱਕ ਮੀਟ੍ਰਿਕ ਟਨ ਕਾਰਬਨ ਡਾਈਆਕਸਾਈਡ ਜਾਂ ਕਿਸੇ ਹੋਰ ਗ੍ਰੀਨਹਾਊਸ ਗੈਸ ਦੀ ਬਰਾਬਰ ਮਾਤਰਾ ਨੂੰ ਘਟਾਉਣ ਜਾਂ ਹਟਾਉਣ ਨੂੰ ਦਰਸਾਉਂਦਾ ਹੈ।
3. ਕਿਓਟੋ ਪ੍ਰੋਟੋਕੋਲ ਦੇ ਤਹਿਤ ਸਾਫ਼ ਵਿਕਾਸ ਵਿਧੀ (Clean Development Mechanism - CDM) ਵਿਕਸਤ ਦੇਸ਼ਾਂ ਨੂੰ ਹੋਰ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਕਾਰਬਨ ਨਿਕਾਸ-ਘਟਾਉਣ ਵਾਲੇ ਪ੍ਰੋਜੈਕਟਾਂ ਵਿੱਚ ਨਿਵੇਸ਼ ਕਰਕੇ ਕਾਰਬਨ ਕ੍ਰੈਡਿਟ ਕਮਾਉਣ ਦੀ ਆਗਿਆ ਦਿੰਦੀ ਹੈ।
4. ਕਾਰਬਨ ਕ੍ਰੈਡਿਟ ਦੇ ਵਪਾਰ ਲਈ ਖ਼ਾਸ ਤੌਰ ਤੇ ਬਜ਼ਾਰ ਬਣਾਏ ਗਏ ਹਨ ਜਿਵੇਂ ਕਿ EU ਨਿਕਾਸ ਵਪਾਰ ਪ੍ਰਣਾਲੀ (EU Emission Trading System – EU ETS)।

ਉਪਰੋਕਤ ਵਿੱਚੋਂ ਕਿਹੜੇ ਕਥਨ ਸਹੀ ਹਨ ?
(a) ਸਿਰਫ਼ 1, 2, ਅਤੇ 3
(b) ਸਿਰਫ਼ 1, 2, ਅਤੇ 4
(c) ਸਿਰਫ਼ 2, 3, ਅਤੇ 4
(d) ਉਪਰੋਕਤ ਸਾਰੇ

82. ਹੇਠਾਂ ਦੋ ਕਥਨ ਦਿੱਤੇ ਗਏ ਹਨ :

**ਕਥਨ I :** ਜੈਵਿਕ ਸਮੂਹ (Biological Communities) ਵਿਭਿੰਨਤਾ ਵਿੱਚ ਵਾਧਾ ਕਰਦੇ ਹਨ ਜਿਵੇਂ-ਜਿਵੇਂ ਉਹ ਸੈਰਲ (Seral) ਪੜਾਵਾਂ ਵਿੱਚੋਂ ਲੰਘਦੇ ਹੋਏ ਸਿਖਰ ਤੱਕ ਜਾਂਦੇ ਹਨ।

**ਕਥਨ II :** ਅਸੀਂ ਆਪਣੇ ਆਲੇ ਦੁਆਲੇ ਜਿਹੜੇ ਜ਼ਿਆਦਾਤਰ ਲੈਂਡਸਕੇਪਾਂ ਦੇਖਦੇ ਹਾਂ, ਉਨ੍ਹਾਂ ਵਿੱਚ ਉਤਰਾਧਿਕਾਰ (successions) ਅਕਸਰ ਕੁਦਰਤੀ ਤੌਰ 'ਤੇ ਜਾਂ ਮਨੁੱਖੀ ਗਤੀਵਿਧੀਆਂ ਦੁਆਰਾ ਰੋਕੇ ਜਾਂਦੇ ਹਨ।

ਉਪਰੋਕਤ ਕਥਨਾਂ ਦੇ ਮੱਦੇਨਜ਼ਰ, ਹੇਠਾਂ ਦਿੱਤੇ ਵਿਕਲਪਾਂ ਵਿੱਚੋਂ ਸਭ ਤੋਂ ਢੁਕਵਾਂ ਉੱਤਰ ਚੁਣੋ :
(a) ਕਥਨ I ਅਤੇ ਕਥਨ II ਦੋਵੇਂ ਸਹੀ ਹਨ।
(b) ਕਥਨ I ਅਤੇ ਕਥਨ II ਦੋਵੇਂ ਗ਼ਲਤ ਹਨ।
(c) ਕਥਨ I ਸਹੀ ਹੈ, ਪਰ ਕਥਨ II ਗ਼ਲਤ ਹੈ।
(d) ਕਥਨ I ਗ਼ਲਤ ਹੈ, ਪਰ ਕਥਨ II ਸਹੀ ਹੈ।

**83.** Consider the following statements regarding atmospheric circulation :

1. In the Ferrel cell, surface winds move poleward and are deflected westward due to the Coriolis force, forming the prevailing westerlies in the mid-latitudes.
2. In the Hadley cell, surface winds move equatorward and are deflected eastward due to the Coriolis force, forming the prevailing trade winds in the low latitudes.

Which of the statements given above is/are correct ?

(a) 1 only (b) 2 only

(c) Both 1 and 2 (d) Neither 1 nor 2

**84.** Which of the following statements is ***incorrect*** ?

(a) Geothermal energy from heated areas of the Earth's crust is extracted by drilling wells to bring steam or hot water to the surface.

(b) In fission, the mass of the end products is less than the mass at the beginning, but in fusion, this is not the case.

(c) Biomass is an example of indirect solar energy because it includes organic materials produced by photosynthesis.

(d) Harnessing wind energy is profitable on islands and in mountain passes.

**85.** Consider the following statements about ground water and identify the ***incorrect*** option :

(a) Normally, fresh groundwater overlies salty ground water.

(b) Aquifer depletion refers to the removal of more groundwater by humans than that can be recharged by precipitation or melting snow.

(c) Ground water depletion may even result in sinking of land.

(d) Confined aquifer is a groundwater storage area located above a layer of impermeable rock.

**86.** Consider the following statements about the sex ratio in India :

1. Sex ratio in India is calculated as the number of females per thousand males.
2. Child sex ratio in India is calculated for 0-14 age population.
3. While child sex ratio in India is adverse, the sex ratio for the elderly population (60+) is favourable.
4. Overall sex ratio as per Census 2011 was highest in Tamil Nadu.

Which of the above statements are correct ?

(a) 1 and 2 only (b) 1 and 3 only

(c) 1, 2 and 4 only (d) 1, 3 and 4 only

**83.** ਵਾਯੂਮੰਡਲੀ ਸਰਕੂਲੇਸ਼ਨ (Atmospheric Circulations) ਸੰਬੰਧੀ ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਫੈਰਲ ਸੈੱਲ ਵਿੱਚ, ਸਤਿਹੀ ਹਵਾਵਾਂ ਧਰੁਵ ਵੱਲ ਵਧਦੀਆਂ ਹਨ ਅਤੇ ਕੋਰੀਓਲਿਸ ਬਲ ਦੇ ਕਾਰਨ ਪੱਛਮ ਵੱਲ ਝੁਕ ਜਾਂਦੀਆਂ ਹਨ, ਜਿਸ ਨਾਲ ਮੱਧ-ਅਕਸ਼ਾਂਸ਼ਾਂ ਵਿੱਚ ਪ੍ਰਚਲਿਤ ਪੱਛਮੀ ਹਵਾਵਾਂ (Westerlies) ਬਣਦੀਆਂ ਹਨ ।
2. ਹੈਡਲੀ ਸੈੱਲ ਵਿੱਚ, ਸਤਿਹੀ ਹਵਾਵਾਂ ਭੂਮੱਧ-ਰੇਖਾ ਵੱਲ ਵਧਦੀਆਂ ਹਨ ਅਤੇ ਕੋਰੀਓਲਿਸ ਬਲ ਦੇ ਕਾਰਨ ਪੂਰਬ ਵੱਲ ਝੁਕ ਜਾਂਦੀਆਂ ਹਨ, ਜਿਸ ਨਾਲ ਘੱਟ ਅਕਸ਼ਾਂਸ਼ਾਂ ਵਿੱਚ ਪ੍ਰਚਲਿਤ ਵਪਾਰਕ ਹਵਾਵਾਂ (Trade Winds) ਬਣਦੀਆਂ ਹਨ ।

ਉਪਰੋਕਤ ਕਥਨਾਂ ਵਿੱਚੋਂ ਕਿਹੜਾ/ਕਿਹੜੇ ਸਹੀ ਹੈ/ਹਨ ?

(a) ਸਿਰਫ਼ 1 (b) ਸਿਰਫ਼ 2
(c) ਦੋਵੇਂ 1 ਅਤੇ 2 (d) ਨਾ ਤਾਂ 1 ਅਤੇ ਨਾ ਹੀ 2

**84.** ਹੇਠ ਲਿਖੇ ਕਥਨਾਂ ਵਿੱਚੋਂ ਕਿਹੜਾ ***ਗਲਤ*** ਹੈ ?

(a) ਧਰਤੀ ਦੀ ਪੇਪੜੀ ਦੇ ਗਰਮ ਖੇਤਰਾਂ ਤੋਂ ਭੂ-ਤਾਪ ਊਰਜਾ ਨੂੰ ਖੂਹਾਂ ਦੀ ਖੁਦਾਈ ਦੁਆਰਾ ਭਾਫ਼ ਜਾਂ ਗਰਮ ਪਾਣੀ ਨੂੰ ਸਤ੍ਹਾ 'ਤੇ ਲਿਆਕੇ ਕੱਢਿਆ ਜਾਂਦਾ ਹੈ ।
(b) ਵਿਖੰਡਨ (FISSION) ਵਿੱਚ, ਅੰਤਮ ਉਤਪਾਦਾਂ ਦਾ ਪੁੰਜ ਸ਼ੁਰੂਆਤ ਵਿੱਚ ਪੁੰਜ ਨਾਲੋਂ ਘੱਟ ਹੁੰਦਾ ਹੈ, ਪਰ ਫਿਊਜ਼ਨ ਵਿੱਚ ਅਜਿਹਾ ਨਹੀਂ ਹੁੰਦਾ ।
(c) ਬਾਇਓਮਾਸ ਅਸਿੱਧੀ ਸੂਰਜੀ ਊਰਜਾ ਦੀ ਇੱਕ ਉਦਾਹਰਣ ਹੈ ਕਿਉਂਕਿ ਇਸ ਵਿੱਚ ਪ੍ਰਕਾਸ਼ ਸੰਸ਼ਲੇਸ਼ਣ ਦੁਆਰਾ ਪੈਦਾ ਕੀਤੇ ਗਏ ਜੈਵਿਕ ਪਦਾਰਥ ਸ਼ਾਮਲ ਹੁੰਦੇ ਹਨ ।
(d) ਟਾਪੂਆਂ ਅਤੇ ਪਹਾੜੀ ਰਸਤਿਆਂ (Passes) 'ਤੇ ਪੌਣ ਊਰਜਾ ਦੀ ਵਰਤੋਂ ਲਾਭਦਾਇਕ ਹੈ ।

**85.** ਭੂਮੀਗਤ ਪਾਣੀ ਬਾਰੇ ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ ਅਤੇ ***ਗਲਤ*** ਵਿਕਲਪ ਦੀ ਪਛਾਣ ਕਰੋ :

(a) ਆਮ ਤੌਰ 'ਤੇ, ਤਾਜ਼ਾ ਭੂਮੀਗਤ ਪਾਣੀ, ਖਾਰੇ ਭੂਮੀਗਤ ਪਾਣੀ ਨੂੰ ਢਕ ਲੈਂਦਾ ਹੈ ।
(b) ਐਕੁਇਫਰ ਦੀ ਕਮੀ (Aquifer Depletion) ਦਾ ਮਤਲਬ ਹੈ ਮਨੁੱਖਾਂ ਦੁਆਰਾ ਭੂਮੀਗਤ ਪਾਣੀ ਨੂੰ ਉਸ ਤੋਂ ਵੱਧ ਕੱਢਣਾ ਜਿੰਨਾ ਵਰਖਾ ਜਾਂ ਪਿਘਲਦੀ ਬਰਫ਼ ਦੁਆਰਾ ਰੀਚਾਰਜ ਕੀਤਾ ਜਾ ਸਕਦਾ ਹੈ ।
(c) ਭੂਮੀਗਤ ਪਾਣੀ ਦੀ ਕਮੀ ਦੇ ਨਤੀਜੇ ਵਜੋਂ ਜ਼ਮੀਨ ਧੰਸ ਸਕਦੀ ਹੈ ।
(d) ਸੀਮਤ ਜਲ-ਭੰਡਾਰ (Confined Aquifer) ਇੱਕ ਭੂਮੀਗਤ ਜਲ-ਭੰਡਾਰ ਖੇਤਰ ਹੈ, ਜੋ ਅਭੇਦ ਚੱਟਾਨ (Impermeable Rock) ਦੀ ਇੱਕ ਪਰਤ ਦੇ ਉੱਪਰ ਸਥਿਤ ਹੈ ।

**86.** ਭਾਰਤ ਵਿੱਚ ਲਿੰਗ ਅਨੁਪਾਤ ਬਾਰੇ ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਭਾਰਤ ਵਿੱਚ ਲਿੰਗ ਅਨੁਪਾਤ ਪ੍ਰਤੀ ਹਜ਼ਾਰ ਮਰਦਾਂ ਪਿੱਛੇ ਔਰਤਾਂ ਦੀ ਗਿਣਤੀ ਵਜੋਂ ਗਿਣਿਆ ਜਾਂਦਾ ਹੈ ।
2. ਭਾਰਤ ਵਿੱਚ ਬਾਲ ਲਿੰਗ ਅਨੁਪਾਤ 0-14 ਉਮਰ ਦੀ ਆਬਾਦੀ ਲਈ ਗਿਣਿਆ ਜਾਂਦਾ ਹੈ ।
3. ਜਦੋਂ ਕਿ ਭਾਰਤ ਵਿੱਚ ਬਾਲ ਲਿੰਗ ਅਨੁਪਾਤ ਪ੍ਰਤੀਕੂਲ ਹੈ, ਬਜ਼ੁਰਗ-ਆਬਾਦੀ (60+) ਲਈ ਲਿੰਗ ਅਨੁਪਾਤ ਅਨੁਕੂਲ ਹੈ ।
4. ਜਨਗਣਨਾ 2011 ਦੇ ਅਨੁਸਾਰ ਕੁੱਲ ਲਿੰਗ ਅਨੁਪਾਤ ਤਾਮਿਲਨਾਡੂ ਵਿੱਚ ਸਭ ਤੋਂ ਵੱਧ ਸੀ ।

ਉਪਰੋਕਤ ਕਥਨਾਂ ਵਿੱਚੋਂ ਕਿਹੜੇ ਸਹੀ ਹਨ ?

(a) ਸਿਰਫ਼ 1 ਅਤੇ 2 (b) ਸਿਰਫ਼ 1 ਅਤੇ 3
(c) ਸਿਰਫ਼ 1, 2 ਅਤੇ 4 (d) ਸਿਰਫ਼ 1, 3 ਅਤੇ 4

**87.** What is the correct descending order of Total Fertility Rate (TFR) of selected states of India as per National Family Health Survey-5, 2019-2021 (NFHS-5, 2019-2021) ?

(a) i-Sikkim, ii-Meghalaya, iii-Punjab, iv-Gujarat

(b) i-Meghalaya, ii-Gujarat, iii-Punjab, iv-Sikkim

(c) i-Gujarat, ii-Punjab, iii-Meghalaya, iv-Sikkim

(d) i-Punjab, ii-Gujarat, iii-Sikkim, iv-Meghalaya

**88.** For the Assertion (A) and Reason (R) given below, choose the correct alternative from the following :

**Assertion (A) :** The rural-to-rural migration stream has a low volume in India.

**Reason (R) :** Large number of people from rural India migrate to foreign countries.

(a) Both A and R are true and R is the correct explanation of A.

(b) Both A and R are true, but R is not the correct explanation of A.

(c) A is true, but R is false.

(d) A is false, but R is true.

**89.** Consider the following statements about rice cultivation in India :

1. Cultivation of rice generally requires high temperatures above 25°C and annual rainfall above 100 cm.
2. Loamy and clayey soils are ideal for rice cultivation.
3. Tar-wattar technique of rice cultivation uses less water than the traditional puddling method, but the crop also takes more time to mature.

Which of the above statement are correct ?

(a) 1 and 2 only (b) 1 and 3 only (c) 2 and 3 only (d) 1, 2 and 3

**90.** Consider the following statements about census town :

1. It should have a minimum population of 5000 persons.
2. At least 75% of the total population should be engaged in non-agricultural activities.
3. It should have a population density of at least 300 persons per sq. km.

How many of the above statements hold/holds true as per the Census of India definition ?

(a) Only one (b) Only two

(c) All three (d) None of the above

**91.** Which of the following countries/regions practise Mediterranean type of agriculture ?

1. Turkey
2. California in USA
3. Chile
4. Australia
5. South Africa

Select the correct answer from the options given below :

(a) 1 and 2 only (b) 1, 2 and 5 only

(c) 1, 4 and 5 only (d) 1, 2, 3, 4 and 5

**87.** ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ-5, 2019-2021 (NFHS-5, 2019-2021) ਦੇ ਅਨੁਸਾਰ ਭਾਰਤ ਦੇ ਚੁਣੇ ਹੋਏ ਰਾਜਾਂ ਦੀ ਕੁੱਲ ਜਣਨ ਦਰ (Total Fertility Rate - TFR) ਦਾ ਸਹੀ ਘਟਦਾ ਕ੍ਰਮ ਕੀ ਹੈ ?

(a) i-ਸਿੱਕਮ, ii-ਮੇਘਾਲਿਆ, iii-ਪੰਜਾਬ, iv-ਗੁਜਰਾਤ

(b) i-ਮੇਘਾਲਿਆ, ii-ਗੁਜਰਾਤ, iii-ਪੰਜਾਬ, iv-ਸਿੱਕਮ

(c) i-ਗੁਜਰਾਤ, ii-ਪੰਜਾਬ, iii-ਮੇਘਾਲਿਆ, iv-ਸਿੱਕਮ

(d) i-ਪੰਜਾਬ, ii-ਗੁਜਰਾਤ, iii-ਸਿੱਕਮ, iv-ਮੇਘਾਲਿਆ

**88.** ਹੇਠਾਂ ਦਿੱਤੇ ਗਏ ਦਾਅਵੇ (A) ਅਤੇ ਕਾਰਨ (R) ਲਈ, ਹੇਠ ਲਿਖਿਆਂ ਵਿੱਚੋਂ ਸਹੀ ਵਿਕਲਪ ਚੁਣੋ :

**ਦਾਅਵਾ (A) :** ਭਾਰਤ ਵਿੱਚ ਪੇਂਡੂ-ਤੋਂ-ਪੇਂਡੂ ਪ੍ਰਵਾਸ ਧਾਰਾ ਦੀ ਗਿਣਤੀ ਘੱਟ ਹੈ।

**ਕਾਰਨ (R) :** ਪੇਂਡੂ ਭਾਰਤ ਤੋਂ ਵੱਡੀ ਗਿਣਤੀ ਵਿੱਚ ਲੋਕ ਵਿਦੇਸ਼ਾਂ ਵਿੱਚ ਪ੍ਰਵਾਸ ਕਰਦੇ ਹਨ।

(a) A ਅਤੇ R ਦੋਵੇਂ ਸਹੀ ਹਨ ਅਤੇ R, A ਦੀ ਸਹੀ ਵਿਆਖਿਆ ਹੈ।

(b) A ਅਤੇ R ਦੋਵੇਂ ਸਹੀ ਹਨ, ਪਰ R, A ਦੀ ਸਹੀ ਵਿਆਖਿਆ ਨਹੀਂ ਹੈ।

(c) A ਸਹੀ ਹੈ, ਪਰ R ਗ਼ਲਤ ਹੈ।

(d) A ਗ਼ਲਤ ਹੈ, ਪਰ R ਸਹੀ ਹੈ।

**89.** ਭਾਰਤ ਵਿੱਚ ਚੌਲਾਂ ਦੀ ਕਾਸ਼ਤ ਬਾਰੇ ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਚੌਲਾਂ ਦੀ ਕਾਸ਼ਤ ਲਈ ਆਮ ਤੌਰ 'ਤੇ 25°C ਤੋਂ ਉੱਚ ਤਾਪਮਾਨ ਅਤੇ 100 ਸੈਂਟੀਮੀਟਰ ਤੋਂ ਉੱਚ ਸਾਲਾਨਾ ਬਾਰਿਸ਼ ਦੀ ਲੋੜ ਹੁੰਦੀ ਹੈ।
2. ਦੋਮਟ ਅਤੇ ਚੀਕਣੀ (Loamy and Clayey) ਮਿੱਟੀ ਚੌਲਾਂ ਦੀ ਕਾਸ਼ਤ ਲਈ ਆਦਰਸ਼ ਹਨ।
3. ਚੌਲਾਂ ਦੀ ਕਾਸ਼ਤ ਦੀ ਟਾਰ-ਵਾਟਰ (Tar-Wattar) ਤਕਨੀਕ, ਰਵਾਇਤੀ ਵਿਧੀ (Traditional Puddling method) ਨਾਲੋਂ ਘੱਟ ਪਾਣੀ ਦੀ ਵਰਤੋਂ ਕਰਦੀ ਹੈ, ਪਰ ਫਸਲ ਨੂੰ ਪੱਕਣ ਵਿੱਚ ਵੀ ਜ਼ਿਆਦਾ ਸਮਾਂ ਲੱਗਦਾ ਹੈ।

ਉਪਰੋਕਤ ਵਿੱਚੋਂ ਕਿਹੜੇ ਕਥਨ ਸਹੀ ਹਨ ?

(a) ਸਿਰਫ਼ 1 ਅਤੇ 2  (b) ਸਿਰਫ਼ 1 ਅਤੇ 3  (c) ਸਿਰਫ਼ 2 ਅਤੇ 3  (d) 1, 2 ਅਤੇ 3

**90.** ਜਨਗਣਨਾ ਸ਼ਹਿਰ ਦੇ ਬਾਰੇ ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਇਸਦੀ ਘੱਟੋ-ਘੱਟ ਆਬਾਦੀ 5000 ਵਿਅਕਤੀ ਹੋਣੀ ਚਾਹੀਦੀ ਹੈ।
2. ਕੁੱਲ ਆਬਾਦੀ ਦਾ ਘੱਟੋ-ਘੱਟ 75% ਗੈਰ-ਖੇਤੀਬਾੜੀ ਗਤੀਵਿਧੀਆਂ ਵਿੱਚ ਰੁੱਝਿਆ ਹੋਣਾ ਚਾਹੀਦਾ ਹੈ।
3. ਇਸਦੀ ਵੱਸੋਂ-ਘਣਤਾ ਘੱਟੋ-ਘੱਟ 300 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੋਣੀ ਚਾਹੀਦੀ ਹੈ।

ਭਾਰਤ ਦੀ ਜਨਗਣਨਾ ਪਰਿਭਾਸ਼ਾ ਅਨੁਸਾਰ ਉਪਰੋਕਤ ਕਥਨਾਂ ਵਿੱਚੋਂ ਕਿੰਨੇ ਸਹੀ ਹੈ/ਹਨ ?

(a) ਸਿਰਫ਼ ਇੱਕ  (b) ਸਿਰਫ਼ ਦੋ

(c) ਸਾਰੇ ਤਿੰਨ  (d) ਉਪਰੋਕਤ ਵਿੱਚੋਂ ਕੋਈ ਨਹੀਂ

**91.** ਹੇਠ ਲਿਖੇ ਵਿੱਚੋਂ ਕਿਹੜੇ ਦੇਸ਼/ਖੇਤਰ ਮੈਡੀਟੇਰੀਅਨ ਕਿਸਮ ਦੀ ਖੇਤੀਬਾੜੀ ਕਰਦੇ ਹਨ ?

1. ਤੁਰਕੀ
2. ਅਮਰੀਕਾ ਵਿੱਚ ਕੈਲੀਫੋਰਨੀਆ
3. ਚਿਲੀ
4. ਆਸਟ੍ਰੇਲੀਆ
5. ਦੱਖਣੀ ਅਫਰੀਕਾ

ਹੇਠਾਂ ਦਿੱਤੇ ਵਿਕਲਪਾਂ ਵਿੱਚੋਂ ਸਹੀ ਉੱਤਰ ਚੁਣੋ :

(a) ਸਿਰਫ਼ 1 ਅਤੇ 2  (b) ਸਿਰਫ਼ 1, 2 ਅਤੇ 5

(c) ਸਿਰਫ਼ 1, 4 ਅਤੇ 5  (d) 1, 2, 3, 4 ਅਤੇ 5

**92.** Which of the following is ***not*** a breed of cow ?

(a) Gir (b) Mewati

(c) Surti (d) Tharparkar

**93.** What is the correct East-to-West order of the following rivers of India ?

(a) Baitarni, Damodar, Mahanadi, Pennar

(b) Damodar, Mahanadi, Pennar, Baitarni

(c) Damodar, Mahanadi, Baitarni, Pennar

(d) Damodar, Baitarni, Mahanadi, Pennar

**94.** Which of the following is/are ***not*** a type of mica ?

1. Argentine
2. Biotite
3. Proustite
4. Muscovite

Choose the correct option :

(a) 1 only (b) 1 and 3 only

(c) 2 and 4 only (d) 1, 2 and 3 only

**95.** Consider the following statements about the Indian Railways :

1. Kavach is an Automatic Train Protection (ATP) system introduced by the Indian Railways to avoid accidents.
2. The Diamond Quadrilateral project of the Indian Railways is related to high-speed rail network.
3. India's first under-construction bullet train project, spanning 508 km, is between Sabarmati and Mumbai.
4. The Indian Railways has set a target of becoming a Net Zero Carbon Emitter by 2030.

How many of the above statements is/are true ?

(a) Only one (b) Only two (c) Only three (d) All four

**96.** Match the following volcanoes with the places where they are located :

| | *Name of Volcano* | | *Place* |
|---|---|---|---|
| A. | Mount Merapi | 1. | Antarctica |
| B. | Taal | 2. | Philippines |
| C. | Kilauea | 3. | Indonesia |
| D. | Mount Erebus | 4. | United States of America |

Choose the correct code :

| | A | B | C | D |
|---|---|---|---|---|
| (a) | 3 | 2 | 4 | 1 |
| (b) | 3 | 1 | 2 | 4 |
| (c) | 2 | 3 | 4 | 1 |
| (d) | 1 | 2 | 3 | 4 |

**92.** ਇਹਨਾਂ ਵਿੱਚੋਂ ਕਿਹੜੀ ਗਾਂ ਦੀ ਨਸਲ ***ਨਹੀਂ*** ਹੈ ?

(a) ਗੀਰ (Gir) (b) ਮੇਵਾਤੀ (Mewati)

(c) ਸੁਰਤੀ (Surti) (d) ਥਾਰਪਾਰਕਰ (Tharparkar)

**93.** ਭਾਰਤ ਦੀਆਂ ਹੇਠ ਲਿਖੀਆਂ ਨਦੀਆਂ ਦਾ ਪੂਰਬ-ਤੋਂ-ਪੱਛਮ ਵੱਲ ਕ੍ਰਮ ਕੀ ਹੈ ?

(a) ਬੈਤਰਨੀ, ਦਾਮੋਦਰ, ਮਹਾਨਦੀ, ਪੇਨਾਰ

(b) ਦਾਮੋਦਰ, ਮਹਾਨਦੀ, ਪੇਨਾਰ, ਬੈਤਰਨੀ

(c) ਦਾਮੋਦਰ, ਮਹਾਨਦੀ, ਬੈਤਰਨੀ, ਪੇਨਾਰ

(d) ਦਾਮੋਦਰ, ਬੈਤਰਨੀ, ਮਹਾਨਦੀ, ਪੇਨਾਰ

**94.** ਇਹਨਾਂ ਵਿੱਚੋਂ ਕਿਹੜੀ ਅਬਰਕ (Mica) ਦੀ ਕਿਸਮ ***ਨਹੀਂ*** ਹੈ ?

1. ਅਰਜਨਟਾਈਨ (Argentine) 2. ਬਾਇਓਟਾਈਟ (Biotite)

3. ਪ੍ਰੋਸਟਾਈਟ (Proustite) 4. ਮਸਕੋਵਾਈਟ (Muscovite)

ਸਹੀ ਵਿਕਲਪ ਚੁਣੋ :

(a) ਸਿਰਫ਼ 1 (b) ਸਿਰਫ਼ 1 ਅਤੇ 3

(c) ਸਿਰਫ਼ 2 ਅਤੇ 4 (d) ਸਿਰਫ਼ 1, 2 ਅਤੇ 3

**95.** ਭਾਰਤੀ ਰੇਲਵੇ ਬਾਰੇ ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਕਵਚ ਇੱਕ ਆਟੋਮੈਟਿਕ ਟ੍ਰੇਨ ਸੁਰੱਖਿਆ (ATP) ਪ੍ਰਣਾਲੀ ਹੈ ਜੋ ਭਾਰਤੀ ਰੇਲਵੇ ਦੁਆਰਾ ਹਾਦਸਿਆਂ ਤੋਂ ਬਚਣ ਲਈ ਸ਼ੁਰੂ ਕੀਤੀ ਗਈ ਹੈ।
2. ਭਾਰਤੀ ਰੇਲਵੇ ਦਾ ਡਾਇਮੰਡ ਚਤੁਰਭੁਜ ਪ੍ਰੋਜੈਕਟ ਤੇਜ਼ ਗਤੀ ਰੇਲ ਨੈੱਟਵਰਕ ਨਾਲ ਸਬੰਧਤ ਹੈ।
3. ਭਾਰਤ ਦਾ ਪਹਿਲਾ ਨਿਰਮਾਣ-ਅਧੀਨ ਬੁਲੇਟ ਟ੍ਰੇਨ ਪ੍ਰੋਜੈਕਟ, ਜੋ ਕਿ 508 ਕਿਲੋਮੀਟਰ ਲੰਬਾ ਹੈ, ਸਾਬਰਮਤੀ ਅਤੇ ਮੁੰਬਈ ਦੇ ਵਿਚਕਾਰ ਹੈ।
4. ਭਾਰਤੀ ਰੇਲਵੇ ਨੇ 2030 ਤੱਕ ਨੈੱਟ ਜ਼ੀਰੋ ਕਾਰਬਨ ਐਮੀਟਰ ਬਣਨ ਦਾ ਟੀਚਾ ਰੱਖਿਆ ਹੈ।

ਉਪਰੋਕਤ ਕਥਨਾਂ ਵਿੱਚੋਂ ਕਿੰਨੇ ਸਹੀ ਹੈ/ਹਨ ?

(a) ਸਿਰਫ਼ ਇੱਕ (b) ਸਿਰਫ਼ ਦੋ (c) ਸਿਰਫ਼ ਤਿੰਨ (d) ਸਾਰੇ ਚਾਰ

**96.** ਹੇਠ ਲਿਖੇ ਜਵਾਲਾਮੁਖੀਆਂ ਦਾ ਉਹਨਾਂ ਥਾਵਾਂ ਨਾਲ ਮਿਲਾਨ ਕਰੋ ਜਿੱਥੇ ਉਹ ਸਥਿਤ ਹਨ :

| *ਜਵਾਲਾਮੁਖੀ* | | *ਸਥਾਨ ਦਾ ਨਾਮ* | |
|---|---|---|---|
| A. | ਮਾਊਂਟ ਮਾਰਾਪੀ | 1. | ਅੰਟਾਰਕਟਿਕਾ |
| B. | ਟਾਲ | 2. | ਫਿਲੀਪੀਨਜ਼ |
| C. | ਕਿਲੋਇਆ | 3. | ਇੰਡੋਨੇਸ਼ੀਆ |
| D. | ਮਾਊਂਟ ਏਰੇਬਸ | 4. | ਸੰਯੁਕਤ ਰਾਜ ਅਮਰੀਕਾ |

ਸਹੀ ਕੋਡ ਚੁਣੋ :

| | A | B | C | D |
|---|---|---|---|---|
| (a) | 3 | 2 | 4 | 1 |
| (b) | 3 | 1 | 2 | 4 |
| (c) | 2 | 3 | 4 | 1 |
| (d) | 1 | 2 | 3 | 4 |

**97.** Match the following terms related to mountain formation with their examples :

| | *Process of formation of mountain* | | *Example of mountain* |
|---|---|---|---|
| A. | Collision of two continental plates | 1. | Himalayas |
| B. | Convergence of oceanic and continental plate | 2. | Black Forest |
| C. | Upward or downward movement of blocks | 3. | Andes |
| D. | Residual mountain | 4. | Scottish Highlands |

Choose the correct code :

| | A | B | C | D |
|---|---|---|---|---|
| (a) | 1 | 3 | 4 | 2 |
| (b) | 1 | 3 | 2 | 4 |
| (c) | 2 | 1 | 3 | 4 |
| (d) | 3 | 1 | 4 | 2 |

**98.** In context of elections, consider the following statements regarding VVPAT :

1. It stands for Visible Voting Paper for Adding Transparency.
2. When a vote is cast, a slip is printed and remains exposed through a transparent window for seven seconds, showing the serial number, name and symbol for the candidate.
3. VVPATs were first used in a bye-election in Nagaland in 2013.

Which of the above statements is/are correct ?

(a) 1 and 2 only (b) 2 only (c) 2 and 3 Only (d) 1 and 3 only

**99.** Consider the following Constitutional Provisions :

1. No demand for a grant shall be made except on the recommendation of the President.
2. No tax shall be levied or collected except by the authority of law.
3. Parliament can reduce or abolish a tax but cannot increase it.

How many of the above statements is/are correct ?

(a) Only one (b) Only two

(c) All three (d) None of the above

**100.** In reference to Money Bill, consider the following statements :

1. The Constitution defines the money bill.
2. It can be introduced only by a minister and that too, only on the recommendation of the President.
3. There shall be endorsed on every Money Bill when it is transmitted to the Rajya Sabha, and when it is presented to the President for assent, the certificate of the Speaker of the Lok Sabha signed by him that it is a Money Bill.

Which of the above statements is/are correct ?

(a) 3 only (b) 1 and 2 only (c) 2 and 3 only (d) 1, 2 and 3

**97.** ਪਹਾੜਾਂ ਦੇ ਗਠਨ ਦੀ ਪ੍ਰਕਿਰਿਆ ਨੂੰ ਸੰਬੰਧਤ ਪਹਾੜਾਂ ਦੀਆਂ ਉਦਾਹਰਣਾਂ ਨਾਲ ਮਿਲਾਓ :

| *ਪਹਾੜਾਂ ਦੇ ਗਠਨ ਦੀ ਪ੍ਰਕਿਰਿਆ* | | *ਪਹਾੜਾਂ ਦੀ ਉਦਾਹਰਣ* | |
|---|---|---|---|
| A. | ਦੋ ਮਹਾਂਦੀਪੀ ਪਲੇਟਾਂ ਦਾ ਟਕਰਾਅ | 1. | ਹਿਮਾਲਿਆ |
| B. | ਸਮੁੰਦਰੀ ਅਤੇ ਮਹਾਂਦੀਪੀ ਪਲੇਟ ਦਾ ਸੰਗਮ | 2. | ਬਲੈਕ ਫਾਰੈਸਟ |
| C. | ਬਲਾਕਾਂ ਦੀ ਉੱਪਰ ਜਾਂ ਹੇਠਾਂ ਵੱਲ ਗਤੀ | 3. | ਐਂਡੀਜ਼ |
| D. | ਅਵਸ਼ਿਸ਼ਟ (Residual) ਪਹਾੜ | 4. | ਸਕਾਟਿਸ਼ ਹਾਈਲੈਂਡਜ਼ |

ਸਹੀ ਕੋਡ ਚੁਣੋ :

| | A | B | C | D |
|---|---|---|---|---|
| (a) | 1 | 3 | 4 | 2 |
| (b) | 1 | 3 | 2 | 4 |
| (c) | 2 | 1 | 3 | 4 |
| (d) | 3 | 1 | 4 | 2 |

**98.** ਚੋਣਾਂ ਦੇ ਸੰਦਰਭ ਵਿੱਚ, VVPAT ਸੰਬੰਧੀ ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਇਸਦਾ ਅਰਥ ਹੈ ਵਿਸਿਬਲ ਵੋਟਿੰਗ ਪੇਪਰ ਫਾਰ ਐਡਿੰਗ ਟਰਾਂਸਪੇਰੈਂਸੀ (Visible Voting Paper for Adding Transparency) ।
2. ਜਦੋਂ ਵੋਟ ਪਾਈ ਜਾਂਦੀ ਹੈ, ਤਾਂ ਇੱਕ ਸਲਿੱਪ ਛਪਦੀ ਹੈ ਅਤੇ ਇੱਕ ਪਾਰਦਰਸ਼ੀ ਖਿੜਕੀ ਵਿੱਚੋਂ ਸੱਤ ਸਕਿੰਟਾਂ ਲਈ ਖੁੱਲ੍ਹੀ ਰਹਿੰਦੀ ਹੈ, ਜਿਸ ਵਿੱਚ ਉਮੀਦਵਾਰ ਦਾ ਸੀਰੀਅਲ ਨੰਬਰ, ਨਾਮ ਅਤੇ ਚਿੰਨ੍ਹ ਦਿਖਾਇਆ ਜਾਂਦਾ ਹੈ ।
3. VVPATs ਪਹਿਲੀ ਵਾਰ 2013 ਵਿੱਚ ਨਾਗਾਲੈਂਡ ਵਿੱਚ ਹੋਈ ਜਿਮਨੀ-ਚੋਣ ਵਿੱਚ ਵਰਤੇ ਗਏ ਸਨ ।

ਉਪਰੋਕਤ ਵਿੱਚੋਂ ਕਿਹੜਾ/ਕਿਹੜੇ ਕਥਨ ਸਹੀ ਹੈ/ਹਨ ?

(a) ਸਿਰਫ਼ 1 ਅਤੇ 2 (b) ਸਿਰਫ਼ 2 (c) ਸਿਰਫ਼ 2 ਅਤੇ 3 (d) ਸਿਰਫ਼ 1 ਅਤੇ 3

**99.** ਹੇਠ ਲਿਖੀਆਂ ਸੰਵਿਧਾਨਕ ਵਿਵਸਥਾਵਾਂ 'ਤੇ ਵਿਚਾਰ ਕਰੋ :

1. ਰਾਸ਼ਟਰਪਤੀ ਦੀ ਸਿਫ਼ਾਰਸ਼ ਤੋਂ ਬਿਨਾ ਕਿਸੇ ਵੀ ਗ੍ਰਾਂਟ ਦੀ ਮੰਗ ਨਹੀਂ ਕੀਤੀ ਜਾਵੇਗੀ ।
2. ਕਾਨੂੰਨ ਦੀ ਮੱਤਾ ਦੇ ਸਿਵਾਏ ਕੋਈ ਕਰ ਲਾਇਆ ਜਾਂ ਉਗਰਾਹਿਆ ਨਹੀਂ ਜਾਵੇਗਾ ।
3. ਸੰਸਦ ਟੈਕਸ ਨੂੰ ਘਟਾ ਸਕਦੀ ਹੈ ਜਾਂ ਖਤਮ ਕਰ ਸਕਦੀ ਹੈ ਪਰ ਇਸਨੂੰ ਵਧਾ ਨਹੀਂ ਸਕਦੀ ।

ਉਪਰੋਕਤ ਵਿੱਚੋਂ ਕਿੰਨੇ ਬਿਆਨ ਸਹੀ ਹੈ/ਹਨ ?

(a) ਸਿਰਫ਼ ਇੱਕ (b) ਸਿਰਫ਼ ਦੋ
(c) ਸਾਰੇ ਤਿੰਨ (d) ਉਪਰੋਕਤ ਵਿੱਚੋਂ ਕੋਈ ਨਹੀਂ

**100.** ਧਨ ਬਿੱਲ ਦੇ ਸੰਦਰਭ ਵਿੱਚ, ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :

1. ਸੰਵਿਧਾਨ ਧਨ ਬਿੱਲ ਨੂੰ ਪਰਿਭਾਸ਼ਿਤ ਕਰਦਾ ਹੈ ।
2. ਇਸਨੂੰ ਸਿਰਫ਼ ਮੰਤਰੀ ਦੁਆਰਾ ਪੇਸ਼ ਕੀਤਾ ਜਾ ਸਕਦਾ ਹੈ ਅਤੇ ਉਹ ਵੀ ਸਿਰਫ਼ ਰਾਸ਼ਟਰਪਤੀ ਦੀ ਸਿਫ਼ਾਰਸ਼ 'ਤੇ ।
3. ਜਦ ਕੋਈ ਧਨ ਬਿੱਲ ਰਾਜ ਸਭਾ ਨੂੰ ਘੱਲਿਆ ਜਾਵੇ, ਅਤੇ ਜਦ ਉਹ ਰਾਸ਼ਟਰਪਤੀ ਨੂੰ ਅਨੁਮਤੀ ਲਈ ਪੇਸ਼ ਕੀਤਾ ਜਾਵੇ, ਤਾਂ ਹਰ ਇੱਕ ਅਜਿਹੇ ਬਿੱਲ ਤੇ, ਲੋਕ ਸਭਾ ਦੇ ਸਪੀਕਰ ਦੇ ਦਸਖਤ ਨਾਲ ਇਹ ਪਰਮਾਣ ਪਿੱਠ ਅੰਕਿਤ ਕੀਤਾ ਜਾਵੇਗਾ ਕਿ ਉਹ ਧਨ ਬਿੱਲ ਹੈ ।

ਉਪਰੋਕਤ ਵਿੱਚੋਂ ਕਿਹੜਾ/ਕਿਹੜੇ ਕਥਨ ਸਹੀ ਹੈ/ਹਨ ?

(a) ਸਿਰਫ਼ 3 (b) ਸਿਰਫ਼ 1 ਅਤੇ 2 (c) ਸਿਰਫ਼ 2 ਅਤੇ 3 (d) 1, 2 ਅਤੇ 3

## SPACE FOR ROUGH WORK

**SPACE FOR ROUGH WORK**

**2025**
**PAPER-1**
**(GENERAL STUDIES)**

**ਕਿਸੇ ਵੀ ਵੇਰਵੇ ਨੂੰ ਭਰਨ ਤੋਂ ਪਹਿਲਾਂ ਜਾਂ ਪ੍ਰਸ਼ਨ ਹੱਲ ਕਰਨ ਤੋਂ ਪਹਿਲਾਂ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ।**

ਕੁੱਲ ਪ੍ਰਸ਼ਨ : **100** ਕੁੱਲ ਸਮਾਂ : **2** ਘੰਟੇ

**ਉਮੀਦਵਾਰ ਦਾ ਨਾਮ** ______________________

**ਪਿਤਾ ਦਾ ਨਾਮ** ______________________

ਪ੍ਰਸ਼ਨ ਬੁੱਕਲੈਟ ਸੈੱਟ

**D**

**ਜਨਮ ਮਿਤੀ** ☐☐ ☐☐ ☐☐☐☐
**ਦਿਨ ਮਹੀਨਾ ਸਾਲ**

**ਓ.ਐਮ.ਆਰ. ਜਵਾਬ ਸ਼ੀਟ ਨੰਬਰ** ______________________

**ਰੋਲ ਨੰ.** ______________

**ਉਮੀਦਵਾਰ ਦੇ ਹਸਤਾਖ਼ਰ**

**(ਕ੍ਰਿਪਾ ਕਰਕੇ ਬਾਕਸ ਵਿੱਚ ਹਸਤਾਖਰ ਕਰੋ)**

## ਹਦਾਇਤਾਂ

| | |
|---|---|
| 1. | ਉਮੀਦਵਾਰ ਇਸ ਪੁਸਤਕ (ਬੁੱਕਲੈਟ) ਨੂੰ ਉਦੋਂ ਤੱਕ ਨਹੀਂ ਖੋਲ੍ਹੇਗਾ ਜਦੋਂ ਤੱਕ ਨਿਗਰਾਨ ਸਟਾਫ ਦੁਆਰਾ ਅਜਿਹਾ ਕਰਨ ਲਈ ਨਹੀਂ ਕਿਹਾ ਜਾਂਦਾ। ਇਸ ਦੌਰਾਨ, ਇਹ ਉਮੀਦਵਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਟੀਕਲ ਮਾਰਕ ਰੀਡਰ (OMR) ਜਵਾਬ ਸ਼ੀਟ ਦੇ ਸੰਬੰਧਿਤ ਬਕਸੇ 1 ਤੋਂ 9 ਨੂੰ ਧਿਆਨ ਨਾਲ, ਅਤੇ ਬਿਨਾਂ ਕਿਸੇ ਗ਼ਲਤੀ ਦੇ, ਢੁਕਵੇਂ ਸਥਾਨਾਂ 'ਤੇ ਏਨਕੋਡ ਕਰੇ ਅਤੇ ਭਰੇ। ਕਿਸੇ ਗਲਤੀ ਦੀ ਸੂਰਤ ਵਿੱਚ OMR ਜਵਾਬ ਸ਼ੀਟ ਨੂੰ ਰੱਦ ਕੀਤਾ ਜਾ ਸਕਦਾ ਹੈ। |
| 2. | ਜਦੋਂ ਉਮੀਦਵਾਰ ਨੂੰ ਪ੍ਰਸ਼ਨ ਪੁਸਤਕ ਖੋਲ੍ਹਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ, ਤਾਂ ਉਸਨੂੰ ਪਹਿਲਾਂ ਇਹ ਪੁਸ਼ਟੀ ਕਰਨ ਲਈ ਚੰਗੀ ਤਰ੍ਹਾਂ ਜਾਂਚ ਕਰਨੀ ਚਾਹੀਦੀ ਹੈ ਕਿ ਇਸ ਵਿੱਚ **56** ਪੰਨੇ ਹਨ, ਸਾਫ਼-ਸਾਫ਼ ਛਾਪੇ ਗਏ ਹਨ ਅਤੇ ਕੋਈ ਖਾਲੀ ਜਾਂ ਫਟੇ ਹੋਏ ਪੰਨੇ ਨਹੀਂ ਹਨ। ਅਜਿਹੀ ਕਿਸੇ ਵੀ ਗਲਤੀ ਦੀ ਸਥਿਤੀ ਵਿੱਚ, ਉਮੀਦਵਾਰ ਨੂੰ ਤੁਰੰਤ ਨਿਗਰਾਨ ਸਟਾਫ਼ ਨੂੰ ਰਿਪੋਰਟ ਕਰਨੀ ਚਾਹੀਦੀ ਹੈ ਅਤੇ ਪ੍ਰਸ਼ਨ ਪੁਸਤਕ ਨੂੰ ਪਹਿਲਾਂ ਦਿੱਤੇ ਗਏ ਸੈੱਟ ਨਾਲ ਬਦਲਣਾ ਚਾਹੀਦਾ ਹੈ। |
| 3. | ਪ੍ਰਸ਼ਨ ਪੁਸਤਕ ਦੀ ਕਿਸੇ ਵੀ ਤਬਦੀਲੀ ਦੀ ਸਥਿਤੀ ਵਿੱਚ, ਨਿਗਰਾਨ ਸਟਾਫ਼ ਨੂੰ ਪ੍ਰਸ਼ਨ ਪੁਸਤਕ ਦੇ ਲੜੀ ਨੰਬਰ ਵਿੱਚ ਤਬਦੀਲੀ ਸੰਬੰਧੀ ਆਪਣੇ ਰਿਕਾਰਡ (ਹਾਜ਼ਰੀ ਸ਼ੀਟ ਸਮੇਤ) ਵਿੱਚ ਜ਼ਰੂਰੀ ਸੁਧਾਰ ਕਰਨੇ ਚਾਹੀਦੇ ਹਨ। |
| 4. | ਇਸ ਪੰਨੇ 'ਤੇ ਅਤੇ OMR ਜਵਾਬ ਸ਼ੀਟ ਵਿੱਚ ਸੰਬੰਧਿਤ ਕਾਲਮਾਂ ਨੂੰ ਭਰਨ ਲਈ ***ਸਿਰਫ਼ ਨੀਲੇ ਜਾਂ ਕਾਲੇ ਬਾਲ ਪੁਆਇੰਟ ਪੈੱਨ*** ਦੀ ਵਰਤੋਂ ਕਰੋ। ਸਿਆਹੀ ਵਾਲੇ ਪੈੱਨ ਜਾਂ ਕਿਸੇ ਹੋਰ ਪੈੱਨ ਦੀ ਵਰਤੋਂ ਦੀ ਆਗਿਆ ਨਹੀਂ ਹੈ। |
| 5. | ਉੱਪਰ ਦਿੱਤੀ ਗਈ ਖ਼ਾਸ ਜਗ੍ਹਾ ਵਿੱਚ ਵੱਡੇ ਅੱਖਰਾਂ ਵਿੱਚ ਜਾਣਕਾਰੀ ਭਰਨੀ ਜ਼ਰੂਰੀ ਹੈ। ਟੈਸਟ ਬੁੱਕਲੈਟ 'ਤੇ ਹੋਰ ***ਕੁੱਝ ਨਾ ਲਿਖਿਆ ਜਾਵੇ***। ਰੱਫ਼ ਕੰਮ ਲਈ ਜਗ੍ਹਾ ਬੁੱਕਲੈਟ ਦੇ ਅੰਤ ਵਿੱਚ ਦਿੱਤੀ ਗਈ ਹੈ। |
| 6. | ਹਰੇਕ ਉਮੀਦਵਾਰ ਨੂੰ 100 ਪ੍ਰਸ਼ਨਾਂ ਦੇ ਜਵਾਬ 120 ਮਿੰਟਾਂ ਵਿੱਚ ਦੇਣੇ ਹੋਣਗੇ, ਕੇਵਲ ਕੁੱਝ ਖ਼ਾਸ ਦਿਵਿਆਂਗ ਉਮੀਦਵਾਰਾਂ ਨੂੰ 40 ਮਿੰਟ ਵਾਧੂ ਦਿੱਤੇ ਜਾਣਗੇ। |
| 7. | ਇਹ ਪ੍ਰੀਖਿਆ 200 ਅੰਕਾਂ ਦੀ ਹੈ ਅਤੇ ਹਰੇਕ ਪ੍ਰਸ਼ਨ 2 ਅੰਕਾਂ ਦਾ ਹੈ। ਹਰੇਕ ਪ੍ਰਸ਼ਨ ਲਈ ਚਾਰ ਵਿਕਲਪ ਹਨ ਅਤੇ ਉਮੀਦਵਾਰ ਨੂੰ OMR ਜਵਾਬ ਸ਼ੀਟ 'ਤੇ ਸਭ ਤੋਂ ਢੁਕਵੇਂ ਉੱਤਰ ਤੇ ਨਿਸ਼ਾਨ ਲਗਾਉਣਾ ਹੈ। |
| 8. | ਸਵਾਲ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਵਿੱਚ ਛਾਪੇ ਗਏ ਹਨ। ਪੰਜਾਬੀ ਵਿੱਚ ਸਵਾਲ ਅੰਗਰੇਜ਼ੀ ਸਵਾਲਾਂ ਦਾ ਅਨੁਵਾਦ ਹਨ। **ਅਨੁਵਾਦ ਵਿੱਚ ਕਿਸੇ ਵੀ ਦੁਬਿਧਾ ਦੀ ਸਥਿਤੀ ਵਿੱਚ, ਅੰਗਰੇਜ਼ੀ ਸੰਸਕਰਣ ਨੂੰ ਪ੍ਰਮਾਣਿਕ ਅਤੇ ਅੰਤਿਮ ਮੰਨਿਆ ਜਾਵੇਗਾ।** |
| 9. | ਉਮੀਦਵਾਰ ਦੁਆਰਾ ਗ਼ਲਤ ਜਵਾਬ ਜਾਂ ਕੋਈ ਵੀ ਜਵਾਬ ਨਾ ਦੇਣ ਦੀ ਸੂਰਤ ਵਿੱਚ **ਕੋਈ ਅੰਕ ਨਹੀਂ ਕੱਟਿਆ ਜਾਵੇਗਾ**। |
| 10. | ਜੇਕਰ ਕੋਈ ਉਮੀਦਵਾਰ ਕਿਸੇ ਵੀ ਪ੍ਰਸ਼ਨ ਦਾ ਇੱਕ ਤੋਂ ਵੱਧ ਜਵਾਬ ਦਿੰਦਾ ਹੈ, ਤਾਂ ਇਸਨੂੰ ਗ਼ਲਤ ਉੱਤਰ ਮੰਨਿਆ ਜਾਵੇਗਾ, ਭਾਵੇਂ ਦਿੱਤੇ ਗਏ ਉੱਤਰਾਂ ਵਿੱਚੋਂ ਕੋਈ ਇੱਕ ਸਹੀ ਵੀ ਹੋਵੇ। ਅਜਿਹੇ ਉੱਤਰ ਲਈ ਕੋਈ ਅੰਕ ਨਹੀਂ ਦਿੱਤੇ ਜਾਣਗੇ। |
| 11. | ਉਮੀਦਵਾਰ ਨੂੰ ਸਵਾਲਾਂ ਦੇ ਜਵਾਬ ਦੇਣ ਤੋਂ ਪਹਿਲਾਂ **OMR ਸ਼ੀਟ ਦੇ ਪਿੱਛੇ ਦਿੱਤੀਆਂ ਹਦਾਇਤਾਂ ਨੂੰ ਪੜ੍ਹਨਾ ਚਾਹੀਦਾ ਹੈ** ਅਤੇ ਜਾਂਚ ਕਰਨੀ ਚਾਹੀਦੀ ਹੈ ਕਿ OMR ਸ਼ੀਟ ਨਾਲ ਦੋ ਕਾਰਬਨ ਕਾਪੀਆਂ ਸਹੀ ਢੰਗ ਨਾਲ ਜੁੜੀਆਂ ਹੋਈਆਂ ਹਨ। |
| 12. | ਆਪਣੇ ਸਾਰੇ ਜਵਾਬ ਭਰਨ ਤੋਂ ਬਾਅਦ, ਤੁਹਾਨੂੰ ***OMR ਜਵਾਬ ਸ਼ੀਟ ਦੇ ਛੇਦ ਵਾਲੇ ਹਿੱਸੇ ਨੂੰ ਧਿਆਨ ਨਾਲ ਪਾੜਨਾ ਚਾਹੀਦਾ ਹੈ।*** ਜਦੋਂ ਪ੍ਰੀਖਿਆ ਖ਼ਤਮ ਹੋ ਜਾਂਦੀ ਹੈ, ਤਾਂ ਤੁਹਾਨੂੰ OMR ਜਵਾਬ ਸ਼ੀਟ ਅਤੇ **ਪਹਿਲੀ ਕਾਰਬਨ ਕਾਪੀ ਨਿਗਰਾਨ ਸਟਾਫ ਨੂੰ** ਸੌਂਪ ਦੇਣੀ ਚਾਹੀਦੀ ਹੈ। ਤੁਹਾਨੂੰ ਇਸ ਪ੍ਰਸ਼ਨ ਪੁਸਤਕ ਅਤੇ OMR ਜਵਾਬ ਸ਼ੀਟ ਦੀ **ਦੂਜੀ ਕਾਰਬਨ ਕਾਪੀ ਨੂੰ ਆਪਣੇ ਨਾਲ** ਲੈ ਕੇ ਜਾਣ ਦੀ ਆਗਿਆ ਹੈ। |

*ਨੋਟ : ਨਿਰਦੇਸ਼ਾਂ ਦਾ **ਅੰਗਰੇਜ਼ੀ** ਅਨੁਵਾਦ ਇਸ ਪੁਸਤਿਕਾ ਦੇ ਮੁਖ ਕਵਰ ਦੇ ਛਾਪਿਆ ਗਿਆ ਹੈ ।*

# PUNJAB PUBLIC SERVICE COMMISSION

ANSWER KEY FOR THREE HUNDRED THIRTY ONE (331) POSTS TO BE FILLED THROUGH PUNJAB STATE CIVIL SERVICES COMBINED COMPETITIVE PRELIMINARY EXAMINATION-2025, GOVT. OF PUNJAB

GENERAL STUDIES

ADVT.NO.- 20251

EXAM DATE: 07-12-2025

ANSWER KEY SET - [A]

| Q.No. | Answer | Q.No. | Answer | Q.No. | Answer | Q.No. | Answer | Q.No. | Answer |
|---|---|---|---|---|---|---|---|---|---|
| 1 | D | 25 | D | 49 | A | 73 | D | 97 | D |
| 2 | D | 26 | B | 50 | B | 74 | B | 98 | D |
| 3 | D | 27 | D | 51 | C | 75 | D | 99 | B |
| 4 | B | 28 | A | 52 | A | 76 | A | 100 | D |
| 5 | D | 29 | C | 53 | A | 77 | B | | |
| 6 | D | 30 | D | 54 | A | 78 | C | | |
| 7 | D | 31 | C | 55 | C | 79 | C | | |
| 8 | B | 32 | C | 56 | B | 80 | B | | |
| 9 | B | 33 | C | 57 | A | 81 | A | | |
| 10 | C | 34 | D | 58 | C | 82 | A | | |
| 11 | B | 35 | B | 59 | A | 83 | B | | |
| 12 | C | 36 | D | 60 | D | 84 | C | | |
| 13 | A | 37 | D | 61 | B | 85 | D | | |
| 14 | C | 38 | D | 62 | A | 86 | A | | |
| 15 | B | 39 | C | 63 | D | 87 | C | | |
| 16 | A | 40 | B | 64 | B | 88 | B | | |
| 17 | A | 41 | C | 65 | D | 89 | A | | |
| 18 | A | 42 | B | 66 | B | 90 | A | | |
| 19 | A | 43 | D | 67 | B | 91 | B | | |
| 20 | C | 44 | A | 68 | D | 92 | B | | |
| 21 | B | 45 | A | 69 | A | 93 | C | | |
| 22 | B | 46 | C | 70 | A | 94 | C | | |
| 23 | D | 47 | A | 71 | D | 95 | D | | |
| 24 | A | 48 | C | 72 | C | 96 | B | | |

DATE : 08-Dec-2025

Sd/-
SECRETARY [ EXAMINATIONS ]